ਓਅਮ

# ਸਿੱਖ ਅਤੇ ਗਊ

★

★

★


ਲੇਖਕ

ਸਵਾਮੀ ਸਵਤੰਤਰਾਨੰਦ [illegible]


★


ਪ੍ਰਕਾਸ਼ਕ

ਵੇਦ ਮੰਦਰ ਪ੍ਰਕਾਸ਼ਨ

ਸਵਾਮੀ ਸਵਤੰਤਰਾਨੰਦ ਨਗਰ, ਅਬੋਹਰ

ਅਤੇ

ਪੰ0 ਗੰਗਾਪ੍ਰਸਾਦ ਉਪਾਧਿਆਇ ਪ੍ਰਕਾਸ਼ਨ ਮੰਦਰ

ਆਰਿਆ ਯੁਵਕ ਸਮਾਜ, ਅਬੋਹਰ



दण्डी

अभिग्रहण क्रमांक 5106


ਮੁਲ 1 ਰੁ: 25 ਪਸ

ਪੁਸਤਕ ਮਿਲਨ ਦਾ ਪਤਾ:—

1. ਦਯਾਨੰਦ ਮਠ, ਦੀਨਾਨਗਰ
2. ਆਰਿਆ ਸਮਾਜ, ਧੂਰੀ
3. ਮ੦ ਚਿਰੰਜੀਲਾਲ ਧਰਮਾਰਥ ਟ੍ਰਸਟ, ਬਰਨਾਲਾ
4. ਮ੦ ਚਿਰੰਜੀਲਾਲ ਧਰਮਾਰਥ ਟਸਟ, ਗੋਨਿਆਨਾ

ਪਹਿਲੀਵਾਰ 1000, 20-12-1943

ਦੂਸਰੀਵਾਰ 2000, 30-6-1980

294—553 S27S

Q 8441-Og-KZ 311 S27S

ਸਵਤੰਤਰਾਨੰਦ ( —1955)

ਸਿੱਖ ਅਤੇ ਗਊ

ਮੁੱਲ 1 ਰੁਪਿਆ 25 ਪੈਸੇ

ਪੋਥੀ ਨੰ੦ 1

ਮੁਦ੍ਰਣ:-

ਚਾਰੂ ਪ੍ਰਿੰਟਿੰਗ ਪ੍ਰੈਸ, ਕ੍ਰਿਸ਼ਨਾ ਨਗਰ ਰੋਡ, ਅਬੋਹਰ।

(1)

# ਪ੍ਰਕਾਸ਼ਕੀਯ

ਆਰਿਆ ਯੁਵਕ ਸਮਾਜ ਅਬੋਹਰ ਵਿਖੇ ਆਰਿਆ ਜਗਤ ਦੇ ਮਹਾਨ ਵਿਦਵਾਨ, ਲੇਖਕ ਅਤੇ ਦਾਰਸ਼ਨਿਕ ਪੰਡਤ ਗੰਗਾਪ੍ਰਸਾਦ ਉਪਾ-ਧਿਆਯ ਜੀ ਦੀ ਯਾਦ ਵਿਚ ੧੯੭੦ ਵਿਚ ਪ੍ਰਕਾਸ਼ਨ ਦਾ ਕੰਮ ਸ਼ੁਰੂ ਕੀਤਾ ਅਤੇ ਛੋਟੇ ਜਿਹੇ ਕਾਲ ਵਿਚ ਵੀਹ ਤੋਂ ਵੀ ਵੱਧ ਪੁਸਤਕਾਂ ਦਾ ਪ੍ਰਕਾਸ਼ਨ ਕਰਕੇ ਪ੍ਰਕਾਸ਼ਨ ਜਗਤ ਵਿਚ ਇਕ ਭਾਰੀ ਤਹਿਲਕਾ ਮਚਾ ਦਿਤਾ। ਕਿਉਂਕਿ ਇਸਦੇ ਪ੍ਰਕਾਸ਼ਨ ਵਿਚ ਕੁਝ ਆਪਨਿਆਂ ਹੀ ਵਿਸ਼ੇਸ-ਤਾਵਾਂ ਸਨ। ਜਿਵੇਂ ਵਧੀਆ ਅਤੇ ਲਮੀ ਉਮਰ ਚਲਨ ਵਾਲਾ ਕਾਗਜ, ਆਕਰਸ਼ਕ ਮੁਖ ਪ੍ਰਸ਼ਟ ਅਤੇ ਵਧੀਆ ਛਪਾਈ। ਇਸ ਸਭ ਤੋਂ ਭੀ ਮੁਖ ਸੀ ਇਹਨਾਂ ਪੁਸਤਕਾਂ ਦਾ ਵਿਸ਼ਾ। ਕਿਉਂਕਿ ਇਹ ਸਾਰੀਆ ਪੁਸਤਕਾਂ ਹੀ ਆਪਨੇ ਆਪਨੇ ਵਿਸ਼ੇ ਦੇ ਵਿਚ ਪਹਿਲਿਆਂ ਕਰਾਰ ਦਿਤਿਆਂ ਗਈਆਂ ਅਤੇ ਯੁਵਕਾਂ ਦੀ ਨਿਸਵਾਰਥ ਲਗਨ ਨੇ ਇਸ ਕੱਮ ਨੂੰ ਚਾਰ ਚੰਦ ਲਗਾ ਦਿਤੇ। ਇਹੋ ਕਾਰਨ ਸੀ ਕਿ ਆਰਿਆ ਸਮਾਜੀ ਅਤੇ ਦੂਜੇ ਅਖਬਾਰਾਂ ਅਤੇ ਦੇਸ਼-ਬਿਦੇਸ਼ ਦੇ ਵਿਦਵਾਨਾਂ ਨੇ ਇਸ ਦੇ ਸੁਲਖਨੇ ਕੰਮ ਦੀ ਬੜੀ ਪ੍ਰਸ਼ੰਸਾ ਕੀਤੀ। ਬਿਦੇਸ਼ਾ ਵਿਚ ਭੀ ਇਹਨਾਂ ਪ੍ਰਕਾਸ਼ਨਾਂ ਦੀ ਮੰਗ ਜੋਰ ਪਕੜ ਗਈ। ਇਸ ਤਰਾਂ ਇਹ ਪ੍ਰਕਾਸ਼ਨ ਸੰਸਥਾ ਆਰਿਆ ਜਗਤ ਦੀ ਇਕ ਪ੍ਰਮੁਖ ਸੰਸਥਾ ਬਨ ਗਈ। ਇਸਦੇ ਨਾਲ ਹੀ ਸਾਡੇ ਪ੍ਰਕਾਸ਼ਨਾਂ ਤੇ ਏਵਾਰਡ ਵੀ ਮਿਲਿਆ ਅਤੇ ਖੋਜੀਆਂ (Researchscholars) ਵਲੋਂ ਇਹਨਾਂ ਦੀ ਬਰਾਬਰ ਮੰਗ ਬਨੀ ਰਹਿੰਦੀ ਹੈ ਅਤੇ ਸਾਡਾ ਸਾਹਿਤ quote ਵੀ ਸੈਂਕੜਾਂ ਪੁਸਤਕਾਂ ਵਿਚ ਹੋ ਚੁਕਿਆ ਹੈ।

ਮੇਰੀਆਂ ਘਰੇਲੂ ਹਾਲਤਾਂ ਅਤੇ ਮਰੇ ਦੂਜੇ ਸਾਥਿਆਂ ਦੀਆਂ ਕੁਝ ਮੁਸਕਿਲਾਂ ਕਾਰਨ ਇਸ ਕੱਮ ਵਿਚ ਕੁਝ ਢਿਲ ਆਈ, ਜਿਸਨੂੰ ਦੂਰ ਕਰਕੇ

ਹੁਨ ਫੇਰ ਪ੍ਰਕਾਸਨ ਦੇ ਕੱਮ ਨੂੰ ਪਹਿਲਾਂ ਤੋਂ ਵੀ ਵਧੇਰੀ ਗਤੀ ਨਾਲ ਚਾਲੂ ਕੀਤਾ ਗਿਆ ਹੈ।

ਸਵਾਮੀ ਸਵਤੰਤਰਾ ਨੰਦ ਸਰਸਵਤੀ ਜੀ ਦੀ ਜਨਮ ਸ਼ਤੀ ਤੇ ਅਸੀਂ ਇਕ ਵੇਦਮੰਦਰ ਬਨਾਉਨ ਦਾ ਸੰਕਲਪ ਲਿਆ ਸੀ। ਜਿਸ ਜਗਾਂਹ ਇਹ ਮੰਦਰ ਤਜਵੀਜ ਹੈ ਉਸ ਮੁਹਲੇ ਦਾ ਨਾਂ ਸਵਾਮੀ ਸਵਤੰਤਰਾ ਨੰਦ ਨਗਰ ਰਖ ਕੇ 23 ਦਿਸੰਬਰ 1978 ਤੋਂ ਉਥੇ ਸਾਪਤਾਹਿਕ ਸਤਿਸੰਗ ਵੀ ਸ਼ੁਰੂ ਕਰ ਦਿਤਾ ਗਿਆ ਹੈ। ਆਰਿਆ ਯੁਵਕ ਸਮਾਜ ਦੇ ਨਾਲ ਹੀ ਵੇਦ ਮੰਦਰ ਪ੍ਰਕਾਸ਼ਨ ਦਾ ਇਹ ਪਹਿਲਾ ਫੁੱਲ ਤੁਹਾਡੇ ਹਥਾਂ ਵਿਚ ਭੇਂਟ ਕਰਦੇ ਹੋਏ ਸਾਨੂੰ ਬੜੀ ਖ਼ੁਸ਼ੀ ਹੋ ਰਹੀ ਹੈ। ਖਾਸ਼ ਗੱਲ ਇਹ ਹੈ ਕਿ ਇਹ ਵੀ ਸਵਾਮੀ ਸਵਤੰਤਰਾ ਨੰਦ ਜੀ ਦੀ ਅਮਰ ਅਤੇ ਅਲੱਭ ਕ੍ਰਿਤੀ ਹੈ। ਆਸ ਹੈ ਕਿ ਪਾਠਕ ਇਸ ਨੂੰ ਪਸੰਦ ਕਰਨਗੇ ਅਤੇ ਵੇਦ ਮੰਦਰ ਦੀ ਉਸਾਰੀ ਲਈ ਵਧ ਤੋਂ ਵਧ ਆਰਥਕ ਸਹਾਇਤਾ ਦੇਨਗੇ।

ਵੇਦਮੰਦਰ, ਅਬੋਹਰ
20 ਜੂਨ, 1980

—ਅਸ਼ੋਕ ਆਰਿਆ, 'ਏਮ.ਏ.'
ਮਤ੍ਰੀ

ਓਅਮ

# ਭੂਮਿਕਾ

ਮੇਰਾ ਵਿਚਾਰ ਹੈ ਵੈਦਿਕ ਧਰਮੀ ਆਰੀਯੇ ਤੇ ਗੁਰੂਦੇ ਸਿਖ ਦੋਨੋਂ 'ਗਊ-ਭਗਤ ਹਨ, ਏਸੇ ਕਰਕੇ ਏਹਨਾਂ ਦਾ ਕੰਮ ਗਊ-ਰਖਯਾ ਕਰਨਾ ਹੈ, ਜਿਹਨੂੰ ਏਹ ਵਾਹ ਲਗਦੀ ਪੂਰਾ ਕਰਦੇ ਹਨ। ਪਰ ਕਦੇ ਕਦੇ ਕੋਈ ਸਿਖ ਗਊਘਾਤ ਦੀਆਂ ਗੱਲਾਂ ਕਰਨ ਲਗ ਪੈਂਦਾ ਹੈ, ਇਹ ਓਹਦਾ ਅਪਣਾ ਮਤ ਹੋ ਸਕਦਾ ਹੈ। ਗੁਰੂਆਂ ਤੇ ਸਿਖਾਂ ਦਾ ਨਹੀਂ ਏਸ ਬਾਤ ਨੂੰ ਅਗੇ ਰੱਖਕੇ ਮੈਂ ਏਹ ਲਿਖਣ ਬੈਠਾ ਸੀ। ਏਸੇ ਕਰਕੇ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਦਸਵੇਂ ਪਾਤਸਾਹ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਦੀਆਂ ਸਾਖੀਆਂ ਲਿ-ਖਕੇ ਦਿਖਾਇਆ ਹੈ ਕਿ ਉਹਨਾਂ ਦਾ ਮਤ ਕੀ ਸੀ।

ਮੈਨੂੰ ਏਸ ਬਾਤ ਦੇ ਲਿਖਣ ਦੀ ਪ੍ਰੇਰਨਾ ਕਰਨਵਾਲੇ ਸ੍ਰੀ ਚਿਰੰ-ਜੀਤ ਲਾਲ ਜੀ ਬਾਨਪ੍ਰਸਥੀ ਹਨ, ਏਸ ਕਰਕੇ ਮੈਂ ਉਨਾਂ ਦਾ ਧੰਨਵਾਰੀ ਹਾਂ ਨਾਲੇ ਜਿਨਾਂ ਦੀਆਂ ਲਿਖੀਆਂ ਪੁਸਤਕਾਂ ਦੇ ਪਾਠ ਲਿਖੇ ਹਨ ਓਹਨਾਂ ਮਹਾਤਮਾ ਦਾ ਵੀ ਰਿਣੀਹਾਂ। ਫੇਰ ਸ੍ਵਤੰਤ੍ਰਾਨੰਦ-ਪੁਸਤਕਾਲਯ ਅਮ੍ਰਿਤਸਰ ਦਾ ਉਪਕਾਰ ਮੰਨਦਾ ਹਾਂ, ਜਿਹਨਾਂ ਨੇ ਪੁਸਤਕਾਂ ਦੇਕੇ ਮੈਨੂੰ ਇਸ ਦੇ ਲਿਖਣ ਵਿਚ ਸਹਾਇਤਾ ਕੀਤੀ।

ਜੇ ਕੋਈ ਏਸਨੂੰ ਪਖਪਾਤ ਛੱਡਕੇ ਪੜ੍ਹੂਗਾ ਤਾਂ ਜਰੂਰ ਹੀ ਮੇਰੇ ਨਾਲ ਸਹਿਮਤ ਹੋਊਗਾ ਏਹ ਮੇਰਾ ਨਿਹਚਯ ਹੈ।

ਆਪਦਾ

ਸ੍ਵਤੰਤ੍ਰਾਨੰਦ

੨੦-੧੨-੪੩ ਦਯਾਨੰਦ ਮਠ, ਦੀਨਾਨਗਰ

# ਦੋ ਸ਼ਬਦ

ਸ੍ਰੀ ਸਵਾਮੀ ਸਵਤੰਤਰਾਨੰਦ ਜੀ ਮਹਾਰਾਜ ਸਿੱਖ ਮੱਤ ਅਤੇ ਇਤਿਹਾਸ ਦੇ ਇਕ ਮੰਨੇ-ਪ੍ਰਮੰਨੇ ਵਿਦਵਾਨ ਸਨ। ਪ੍ਰਿੰਸੀਪਲ ਗੰਗਾ ਸਿੰਘ ਨੇ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਖੇ ਉਨਾਂ ਦੇ ਸਿੱਖ ਇਤਿਹਾਸ ਉਪਰ ਕਈ ਭਾਸ਼ਨ ਕਰਵਾਏ। "ਸਿੱਖ ਅਤੇ ਗਊ" ਸਵਾਮੀ ਜੀ ਦੀ ਇਕ ਬਹੁਤ ਖੋਜ ਭਰਪੂਰ ਪੁਸਤਕ ਹੈ। ਇਹ ਆਮ ਲੋਕਾਂ ਤੇ ਖੋਜੀਆਂ ਲਈ ਬੜੀ ਲਾਭ ਦਾਇਕ ਪੁਸਤਕ ਹੈ। ਇਹ ਪੁਸਤਕ ਪੜ੍ਹਕੇ ਜੇ ਹਰ ਸ਼ਿੱਖ ਵੀਰ ਗਊ ਮਾਤਾ ਦੀ ਰਖਿਆ ਆਪਣਾ ਕਰਤਵ ਸਮਝੇ ਤਾਂ ਪੁਸਤਕ ਦੇ ਲਿਖਣ ਤੇ ਛਾਪਣ ਦਾ ਉਦੇਸ਼ ਪੂਰਾ ਹੋਵੇਗਾ। ਇਸਦੇ ਨਾਲ ਹੀ ਸਾਡੇ ਦੇਸ਼ ਤੇ ਮਨੁਖ ਜਾਤੀ ਦਾ ਭਲਾ ਹੋਵੇਗਾ।

ਜਦ ਸਵਾਮੀਜੀ 'ਭਾਰਤ ਛਡੋ' ਲਹਿਰ ਵਿਚ ਸ਼ਾਹੀ ਕਿਲ ਲਾਹੌਰ ਤੋਂ ਛੁਟੇ ਤਾਂ ਦੀਨਾਨਗਰ ਉਹਨਾਂ ਨੂੰ ਨਜਰ ਬੰਦ ਕੀਤਾ ਗਿਆ। ਇਹ ਪੁਸਤਕ ਉਹਨਾਂ ਦਿਨਾਂ ਵਿਚ ਲਿਖੀ ਗਈ। ਇਸਦੀ ਭਾਸ਼ਾ ਲਗਭਗ ਪੰਜਾਹ ਸਾਲ ਪੁਰਾਣੀ ਹੈ। ਅਸੀਂ ਬੜ ਜਤਨਾਂ ਨਾਲ ਇਸ ਪੁਸਤਕ ਨੂੰ ਲਭਿਆ ਹੈ। ਸ੍ਰੀ ਅਸ਼ੋਕ ਆਰੀਆ 'ਐਮ. ਏ.' ਦੀ ਮਿਹਨਤ ਨਾਲ ਇਹ ਪੁਸਤਕ ਛਾਪਕੇ ਅਸ਼ੀਂ ਤੁਹਾਡੇ ਹਥਾਂ ਵਿਚ ਭੇਜ ਰਹੇ ਹਾਂ। ਇਸ ਦੇ ਪਹਿਲੇ ਅਡੀਸ਼ਨ ਦਾ ਨਾਂ ਇਸਦੇ ਪ੍ਰਕਾਸ਼ਕ ਤੇ ਡੂੰਘੇ ਵਿਦਵਾਨ ਸਵਾਮੀ ਵੇਦਾਨੰਦ ਜੀ ਤੀਰਥ ਨੇ 'ਸਿੱਖ ਔਰ ਗਊ' ਰਖਿਆ ਸੀ। ਅਸੀਂ ਇਹਦਾ ਨਾਂ 'ਸਿੱਖ ਅਤੇ ਗਊ' ਕਰ ਦਿੱਤਾ ਹੈ। ਸਾਨੂੰ ਪੂਰੀ ਆਸ਼ਾ ਹੈ ਕਿ ਧਰਮ ਪ੍ਰੇਮੀ ਤੇ ਗਊ ਪ੍ਰੇਮੀ ਇਸ ਪੁਸਤਕ ਦਾ ਵੱਧ ਤੋਂ ਵੱਧ ਪ੍ਰਚਾਰ ਕਰਨਗੇ।

20-6-80

—ਰਾਜਿੰਦਰ ਜਗਿਆਸੂ
ਵੇਦ ਮੰਦਰ
ਨਈ ਸੂਰਜ ਨਗਰੀ, ਅਬੋਹਰ

# ਪ੍ਰਸਤਾਵਨਾਂ

ਵੈਦਿਕ ਸੰਸਕ੍ਰਿਤੀ ਹੀ ਭਾਰਤ ਦੀ ਸ਼ੰਸਕ੍ਰਿਤੀ ਹੈ, ਜੋ ਆਦੀ ਕਾਲ ਤੋਂ ਮਨੁਖ ਜਾਤੀ ਦੀ ਸੰਸਕ੍ਰਿਤੀ ਰਹੀ ਹੈ। ਭਾਰਤ ਵਿਚ ਜਿਤਨੇ ਵੀ ਮਤ ਮਤਾਤੰਰ ਸਮੇ ੨ ਤੇ ਉਤਪੰਨ ਹੁੰਦੇ ਰਹੇ ਹਨ ਉਨਾਂ ਸਾਰਿਆਂ ਦੇ ਵਧਨ ਵਿਚ ਵੈਦਿਕ ਸੰਸਕ੍ਰਿਤੀ ਦਾ ਕੁਝ ਨਾਂ ਕੁਝ ਯੋਗ ਜਰੂਰ ਰਿਹਾ ਹੈ। ਚਾਹੇ ਉਨ੍ਹਾਂ ਨੇ ਸਮਾਂ ਪਾਕੇ ਆਪਣਾ ਰੂਪ ਬਦਲ ਲੀਤਾ ਹਵ। ਜੋ ਲੋਗ ਆਪਣੇ ਆਪ ਨੂੰ ਵੇਦਾਂ ਦਾ ਪੈਰੋਕਾਰ ਜਾਂ ਵੈਦਿਕ ਧਰਮੀ ਮੰਨਦੇ ਰਹੇ ਹਨ ਉਨ੍ਹਾਂ ਨੇ ਗਊ ਪਾਲਨ, ਗਊ ਰਖਿਆ ਨੂੰ ਅਪਣੀ ਸੰਸਕ੍ਰਿਤੀ ਦਾ ਅੰਗ ਮਨਿਆ ਹੈ। ਦੂਜੇ ਮਤ ਜੋ ਵੈਦਿਕ ਧਰਮ ਦੀ ਕੋਈ ਇਕ ਗੱਲ ਲੈਕੇ ਅਲਗ ਰਾਹਾਂ ਤੇ ਚਲ ਪਏ ਸਨ, ਉਨ੍ਹਾਂ ਸਭਣਾ ਨ ਵੀ ਗਊ ਰਖਿਆ ਨੂੰ ਸਵੀਕਾਰਿਆ ਹੈ। ਅਤੇ ਮਨੁਖ ਜਾਤੀ ਲਈ ਗਊ ਰਖਿਆ ਇਕ ਮੂਲ ਅਧਾਰ ਮਨਿਆ ਹੈ। ਕਿਉਂ ਕਿ ਮਨੁਖ ਦੀ ਸ਼ਾਰੀਰਕ, ਮਾਨਸਿਕ ਅਤੇ ਅਧਿਆਤਮਕ ਉਨਤੀ ਲਈ ਗਊ ਰਖਿਆ ਜਰੂਰੀ ਅਤੇ ਮੁਢਲੀ ਲੋੜ ਹੈ।

ਮਨੁਖ ਜੀਵਨ ਨੂੰ ਚਲਾਉਣ ਲਈ ਜਿਤਨੇ ਭਜਨ ਪਦਾਰਥਾਂ ਦੀ ਉਸਨੂੰ ਲੋੜ ਹੈ ਉਨ੍ਹਾਂ ਵਿਚ ਗਊ ਦਾ ਦੁੱਧ ਸਰਵੋਤਮ ਅਤੇ ਸਵਸਥ ਪਦਾਰਥ ਹੈ। ਇਸ ਤੋਂ ਛੁੱਟ ਇਹ ਦੂਜੀਆਂ ਵਸਤਾਂ ਨਾਲੋਂ ਅਸਾਨੀ ਨਾਲ ਪ੍ਰਾਪਤ ਵੀ ਹੋ ਜਾਂਦਾ ਹੈ।

ਗਊ ਰਖਿਆ ਦੇ ਭਾਵ ਨੂੰ ਮਨੁਖੀ ਨੁਕਤੋ-ਨਿਗਾ ਨਾਲ ਸੋਚਨਾ ਚਾਹੀਦਾ ਹੈ ਨਾਂ ਕਿ ਕਿਸੇ ਧਰਮ ਦੇ ਪਹਿਲੂ ਤੋਂ ਗਊ ਦੀ ਰਖਿਆ, ਹਰ ਦੇਸ਼, ਹਰ ਧਰਮ ਅਤੇ ਹਰ ਜਾਤੀ ਅਤੇ ਹਰ ਮਨੁਖ ਦਾ ਇਕ ਵਿਸ਼ੇਸ਼ ਫਰਜ ਹੈ। ਜੋ ਲੋਗ ਕਿਸੇ ਮਜਹਬੀ ਤੰਗ ਦਿਲੀ ਨਾਲ ਉਲਟ ਸੋਚਦੇ

ਹਨ ਉਹ ਸਹੀ ਸ਼ਬਦਾਂ ਵਿਚ ਮਨੁਸ਼ਜਾਤੀ ਦਾ ਬੁਰਾ ਕਰਦੇ ਹਨ। ਇਸ ਕਥਨ ਦੀਆਂ ਕੋਈ ਦੋ ਰਾਇਆਂ ਨਹੀਂ ਹੋ ਸਕਦੀਆਂ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਕਰਕੇ ਸਾਰੇ ਹੀ ਗੁਰੂ ਸਚਾਈ ਅਤੇ ਨਿਆਂ ਲਈ ਸੰਘਰਸ਼ ਕਰਦੇ ਰਹੇ। ਇਹ ਜੋ ਵੈਦਿਕ ਧਰਮਾਂ ਦੇ ਪ੍ਰਧਾਨ ਅੰਗਾਂ ਵਿਚੋਂ ਇਕ ਟੀਚਾ ਸੀ ਕਿ ਜੋ ਧਰਮ ਦੀਆਂ ਵਿਰੋਧੀ ਸ਼ਕਤੀਆਂ ਹਨ ਉਨ੍ਹਾਂ ਨੂੰ ਭਾਂਜ ਦਿਤੀ ਜਾਵੇ, ਹਟਾਇਆ ਜਾਵੇ ਅਤੇ ਧਰਮ ਦੀ ਰਖਿਆ ਕੀਤੀ ਜਾਵੇ। ਗੁਰੂਆਂ ਦੇ ਮਨ ਵਿਚ ਗਊ, ਬ੍ਰਾਹਮਣ ਅਤੇ ਵੇਦ ਲਈ ਆਦਰ ਅਤੇ ਸਨਮਾਨ ਸੀ ਅਤੇ ਉਹ ਹਮੇਸ਼ਾ ਗਊ ਰਖਿਆ ਲਈ ਜਤਨ ਕਰਦੇ ਰਹੇ। ਪਰਸਤੁਤ ਪੁਸਤੇਕ ਵਿਚ ਗੁਰੂਜਨਾਂ ਵਲੋਂ ਗਊ ਪ੍ਰਤੀ ਆਪਣਾ ਪ੍ਰੇਮ ਅਤੇ ਅਗਾਧ ਸ਼ਰਧਾ ਉਕਤ ਕਥਨ ਨੂੰ ਹੋਰ ਸਮਰਥਤਾ ਪ੍ਰਦਾਨ ਕਰੇਗੀ।

ਮਿਤੀ 14–6–1980

ਸਵਾਮੀ ਸਰਵਾਨੰਦ
ਦਯਾਨੰਦ ਮਠ, ਦੀਨਾਨਗਰ (ਪੰਜਾਬ)



(7)

## ਓਅਮ

'ਸਿਖ-ਗੁਰੂ' ਸ਼ਬਦ ਦੇ ਅਰਥ ਦਸ ਗੁਰੂ ਹੀ ਮੰਨੇ ਜਾਂਦੇ ਹਨ। ਸਾਂ ਵਿਚੋਂ ਭਾਵੇਂ ਕਿਸ ਗੁਰੂ ਦਾ ਵਚਨ ਹੋਵੇ ਸਿਖਾਂ ਵਾਸਤੇ ਮੰਨਣ ਜੋਗ ਦਾ ਹੈ। ਦਸਮ ਗੁਰੂ ਜੀ ਦਾ ਗ੍ਰੰਥ ਸਾਹਿਬ ਅਲਗ ਹੈ, ਜੀਹਨੂੰ ਆਮ ਲੋਕ ਸਮ ਗ੍ਰੰਥ ਆਖਦੇ ਹਨ; ਗੁਰੂ ਨਾਨਕ ਦੇਵ ਜੀ ਆਦਿਕਾਂ ਦੀ ਬਾਣੀ ਾਦਿ ਗ੍ਰੰਥ ਸਾਹਿਬ ਵਿਚ ਹੈ। ਜੀਹਦਾ ਪਾਠ ਖ਼ੁਸ਼ੀ ਤੇ ਗ਼ਮੀ ਵੇਲੇ ਸਿਖ ਰਦੇ ਹਨ। ਦਸ਼ਮ ਗ੍ਰੰਥ ਸਾਹਿਬ ਜੀ ਦਾ ਪਾਠ ਗੁਰਦੁਆਰਿਆਂ ਵਾਲੇ ਾਂ ਗਿਆਨੀ ਹੀ ਕਿਤੇ ਕਰਦੇ ਹਨ।

ਦਸਾਂ ਗੁਰੂਆਂ ਦੇ ਨਾਉਂ ਏਹ ਹਨ:—

(੧) ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਏਹ ਬੇਦੀ ਖਤ੍ਰੀ ਸਨ।

(੨) ਸ੍ਰੀ ਗੁਰੂ ਅੰਗਦ ਸਾਹਿਬ, ,, ਤੇਹਣ ਖਤ੍ਰੀ ਸਨ।

(੩) ਸ੍ਰੀ ਗੁਰੂ ਅਮਰ ਦਾਸ ਜੀ, ,, ਭੱਲੇ ਖਤ੍ਰੀ ਸੀ।

(੪) ਸ੍ਰੀ ਗੁਰੂ ਰਾਮਦਾਸ ਜੀ, ,, ਸੋਢੀ ਖਤ੍ਰੀਆਂ ਵਿਚੋਂ ਸਨ।

(੫) ਸ੍ਰੀ ਗੁਰੂ ਅਰਜਨ ਦੇਵ ਜੀ, ,, ਇਹ ਗੁਰੂ ਰਾਮਦਾਸ ਜੀ ਦੇ ਸਪੁਤ੍ਰ ਸਨ।

(੬) ਸ੍ਰੀ ਗੁਰੂ ਹਰਗੋਬਿੰਦ ਜੀ ਮਹਾਰਾਜ ਗੁਰੂ ਅਰਜਨ ਦੇਵ ਜੀ ਦੇ ਸਪੁਤ੍ਰ ਸਨ।

(੭) ਸ੍ਰੀ ਗੁਰੂ ਹਰਰਾਇ ਜੀ ਮਹਾਰਾਜ ਏਹ ਬਾਬੇ ਗੁਰਦਿਤੇ ਦੇ ਲੜਕੇ ਸੀ, ਤੇ ਬਾਬਾ ਜੀ ਗੁਰੂ ਹਰਗੋਬਿੰਦ ਜੀ ਦੇ ਪੁਤ੍ਰ ਸਨ।

'ਗੁਰ ਪੀਰੁ ਹਾਮਾ ਤਾ ਭਰੇ'ਮੁਸਲਮਾਨ ਮੰਨਦੇ ਹਨ,ਕਿਆਮਤ ਵੇਲੇ ਹਜ਼ਰਤ ਮੁਹੰਮਦ ਸਾਹਿਬ ਵਸੀਲਾ ਬਣਕੇ ਹਰ ਮੁਸਲਮਾਨ ਨੂੰ ਸਵਰਗ ਭਿਜਵਾਉਣਗੇ। ਏਦਾਂ ਹੀ ਸਿਖ ਮੰਨਦੇ ਹਨ ਗੁਰੂ ਮਹਾਰਾਜ ਸਚਖੰਡ ਭਿਜਵੌਣ ਦਾ ਵਸੀਲਾ ਹਨ। ਅਤੇ ਏਸ ਸ਼ਬਦ ਵਿਚਵੀ ਗੁਰੂ ਤੇ ਪੀਰ ਦੀ ਸਿਫਾਰਸ਼ ਹਾਮਾ ਸ਼ਬਦ ਕਰਕੇ ਲਿਖੀ ਹੈ। ਆਰੀਆਂਦੀ ਹੋਰ ਕੋਈ ਸੰਪ੍ਰਦਾ ਨਹੀਂ ਜਿਹੜੀ ਗੁਰੂ ਦੀ ਏਦਾਂ ਸਿਫਾਰਸ਼ ਮੰਨਦੀ ਹੋਵੇ, ਕਿਉਂਕਿ ਹਰ ਸੰਪ੍ਰਦਾਵਾਂ ਵਾਲੇ ਜੀਉਂਦਾ ਗੁਰੂ ਮੰਨਦੇ ਹਨ ਜੀਹਤੋਂ ਕੋਈ ਵਿਦਿਆ ਪੜੇ ਜਾਂ ਗਿਆਨ ਪ੍ਰਾਪਤ ਕਰੇ, ਅਰਥਾਤ ਜੀਹਤੋਂ ਕਿਸੇ ਦਾ ਅਗਿਆਨ ਮਿਟੇ, ਓਹ ਓਸਦਾ ਗੁਰੂ ਹੁੰਦਾ ਹੈ। ਤੇ ਓਹ ਵੀ ਇਨਸਾਨ ਹੀ ਹੁੰਦਾ ਹੈ। ਉਸ ਗੁਰੂ ਦੀ ਸਿਫਾਰਸ਼ ਨਾਲ ਸੁਰਗ ਜਾਣ ਨੂੰ ਨਹੀਂ ਮੰਨਦਾ। ਜੇ ਕੋਈ ਏਸ ਨੂੰ ਮੰਨਦਾ ਹੈ ਤਾਂ ਸਿਖ ਤੇ ਮੁਸਲਮਾਨ ਹੀ ਹਨ। ਏਸ ਕਰਕੇ ਏਸ ਸ਼ਬਦ ਵਿਚ ਲਿਖੀ ਗਊ ਸਿਖਾਂ ਨੂੰ ਵੀ ਲਗਦੀ ਹੈ। ਗੁਰੂ ਜੀ ਹਾਮਾ ਤੱਦ ਹੀ ਭਰਨਗੇ ਜੇ ਕੋਈ ਗਊ ਦੀ ਆਣ ਮੰਨਕੇ ਗਊ ਵਰਗਾ ਹੀ ਪਰਾਏ ਹਕੁ ਨੂੰ ਜਾਣੇ। ਏਸ ਸ਼ਬਦ ਨੂੰ ਜੇ ਮੁਢੋਂ ਪੜੀਏ ਤਾਂ ਪਹਿਲਾਂ ਹੀ 'ਮਿਹਰ ਮਸੀਤ' ਪਾਠ ਤੋਂ ਕਿਸੇ ਵੀ ਜਾਨਵਰ ਨੂੰ ਨਾਂ ਮਾਰਨ ਦੀ ਗਲ ਸਾਬਤ ਹੁੰਦੀ ਹੈ। ਏਹ ਸੱਚ ਹੈ ਏਹ ਸਾਰਾ ਸ਼ਬਦ ਮੁਸਲਮਾਨਾਂ ਦੇ ਪ੍ਰਸੰਗੀ ਹੈ ਪਰ ਏਸ ਸ਼ਬਦ ਵਿਚ ਗਊ ਦੀ ਬਾਤ ਸੂਰ ਦੇ ਨਾਲ ਲਿਖਕੇ ਮੁਸਲਮਾਨ ਤੇ ਸਿਖ ਆਰਿਏ ਸਭਨਾ ਨੂੰ ਪਰਾਏ ਹਕੋਂ ਰੋਕਨ ਵਾਸਤੇ ਸੌਂਹ ਦਿਤੀ ਹੈ। ਏਸ ਲਈ ਏਸ ਸ਼ਬਦ ਨਾਲ ਗੁਰੂ ਜੀ ਸਿਖਾਂ ਨੂੰ ਗਊ ਦੀ ਆਣ ਦਿੰਦੇ ਹੋਏ ਗਊ ਨੂੰ ਕਦੇ ਵੀ ਨਾਂ ਮਾਰਨ ਦੀ ਆਗਿਆ ਦਿੰਦੇ ਹਨ।

ਏਸ ਪਾਠ ਤੋਂ ਬਿਨਾ ਏਹ ਵੀ ਦੇਖਣ ਵਾਲੀ ਗੱਲ ਹੈ। ਗੁਰੂ ਮਹਾਰਾਜ ਜੀ ਦੇ ਜੀਵਨ ਵੇਲੇ ਕੋਈ ਏਹੋ ਜੇਹੀ ਘਟਨਾਂ ਹੈ ਜੀਹਦੇ ਨਾਲ ਗਊ ਦਾ ਵੀ ਕੋਈ ਜੋੜ ਹੋਵੇ। ਜੇ ਕੋਈ ਏਹੋ ਘਟਨਾ ਹੋਵੇ ਤਦ ਮੰਨਣਾ ਸੌਖਾ ਹੋ ਜਾਊਗਾ। ਓਹ ਤੇ ਏਹ ਵੀ ਪਤਾ ਲਗ ਜਾਊਗਾ। ਗੁਰੂ ਜੀ ਗਊ ਨੂੰ ਕਿਸ ਨਿਗਾਹ ਨਾਲ ਦੇਖਦੇ ਸਨ।

ਤਵਾਰੀਖ਼ ਖਾਲਸਾ ਜੇਹੜੀ ਵਜ਼ੀਰ ਹਿੰਦ ਪ੍ਰੈਸ ਵਿਚ ਚੌਥੀ ਵਾਰ ਛਪੀ ਹੈ ਓਹਦੇ ੧੨੭ ਪੰਨੇ ਤੇ ਏਹ ਪਾਠ ਹੈ:-

"ਖਾਲੜੇ ਪਿੰਡ ਤੋਂ ਚਲਕੇ ਲਾਹੌਰ ਜਵਾਹਰਮੱਲ ਦੇ ਚੁਹੱਟੇ ਵਿਚ ਖੂਹ ਦੇ ਪਾਸ ਪਿੱਪੁਲ ਹੇਠ ਰਾਤ ਜਾ ਗੁਜ਼ਾਰੀ ਓਥੇ ਕਸਾਈ ਗਊਆਂ ਬਕਰੇ ਘਾਤ ਕਰਦੇ ਦੇਖੇ। ਤਾਂ ਗੁਰੂ ਜੀ ਬੋਲ :-

"ਲਾਹੌਰ ਸ਼ਹਿਰ ਜਾਹਿਰ ਕਹਿਰ ਸਵਾ ਪਹਿਰ"। (ਸਲੋਕ ਵਾਰਾਂ ਤੋਂ ਵਧੀਕ) ਏਸਤੋਂ ਪਤਾ ਲਗਦਾ ਹੈ ਗੁਰੂ ਨਾਨਕ ਦੇਵ ਜੀ ਗਊਘਾਤ ਨੂੰ ਕਹਿਰ ਜਹਿਰ ਸਮਝਦੇ ਸੀ। ਏਹ ਓਸ ਵੇਲੇ ਦੀ ਗੱਲ ਹੈ ਜਦ ਗੁਰੂ ਨਾਨਕ ਦੇਵ ਜੀ ਸੁਲਤਾਨਪੁਰੋਂ ਹੱਟੀ ਛਡਕੇ ਕਈ ਪਿੰਡੀਂ ਹੁੰਦੇ ਹੋਏ ਲਾਹੌਰ ਪੁਜੇ ਸੀ। ਏਥੋਂ ਅਗੇ ਐਮਨਾਬਾਦ ਜਾਕੇ ਫੇਰ ਤਪ ਕੀਤਾ ਸੀ।

ਏਹਤੋਂ ਮਗਰੋਂ ਗੁਰੂ ਹਰਗੋਬਿੰਦ ਜੀ ਦੇ ਵੇਲੇ ਗਊਘਾਤ ਦਾ ਲੇਖ ਮਿਲਦਾ ਹੈ ਓਹ ਏਦਾਂ ਹੈ।

ਏਕ ਦਿਵਸ ਬਾਬਾ ਗੁਰਦਿੱਤਾ। ਚਢੇ ਅਖੇਰ ਕਰਨਕੋ ਚਿੱਤਾ।
ਕੇਤਕ ਸਾਥ ਚਲੇ ਅਸਵਾਰ। ਸਗਲ ਤੁਰੰਗਮ ਜੀਨਨ ਡਾਰ। ੧੮।
ਲੇਗ ਤੁਫੰਗ ਲਈ ਕਰ ਗੋਰੀ। ਉਠ ਪ੍ਰਭਾਤ ਗਮਨੇ ਬਨ ਓਰੀ।
ਖੋਜਤ ਫਿਰਤ ਸਸੇ ਗਨ ਸੂਕਰ। ਮ੍ਰਿਗਨ ਅਨੇਕਨ ਸੰਗ ਲੇ ਕੂਕਰ।
ਗਿਰਕੀ ਜਰਨ ਬਿਖੈ ਬਿਚਰੰਤੇ। ਊਚ ਨੀਚ ਥਲ ਚੜ੍ਹ ਉਤਰੰਤੇ। ੧੯

ਫਿਰੇ ਬਹੁਤ ਹੀ ਖੋਜਤ ਝਾਰਨ । ਸਥਲ ਬਿਖਮ ਸਮ ਕਰਹਿ
ਨਿਹਾਰਨ । ੨੦ ।

ਗੁਰ ਸੁਤ ਬਿਚਰਤ ਭੇ ਬਨ ਮਾਹੀ । ਪ੍ਰਾਪਤਿ ਕਤਹੂੰ ਅਖੇਰਾ ਨਾਹੀ ।
ਦਿਵਸ ਚਢਯ ਬਡ ਘਾਮ ਉਪੰਨਾ । ਬਿਚਰਤ ਭਏ ਨ ਕੋ ਮ੍ਰਿਗ ਹੰਨਾ ।।
ਦੂਰ ਦੂਰ ਲੌ ਫਿਰੇ ਸਊਰ । ਖੋਜਤ ਗਿਰ ਨੰਦਰੀ ਬਲਭੂਰ ।
ਧਨੂ ਚਰਤ ਹੁਤੀ ਇਕ ਬਨਮੈ । ਸੰਘਨੇ ਪਾਤ ਸਮੂਰ ਬ੍ਰਿਛਨਮੈ । ੨੨ ।

ਇਕ ਅਸਵਾਰ ਫਿਰਤ ਨ ਹੇਰੀ । ਜਾਨੀ ਗਈ ਨ ਦੂਰ ਬਡੇਰੀ ।
ਉਹ ਮਹਿ ਲੱਖਯੋ ਸੁਪਾੜਾ ਮਹਾਂ । ਮ੍ਰਿਗਾਨ ਸਹਿਤ ਚਰਤ ਹੈ ਇਹਾ ੨੩

ਬਯਾਕੁਲ ਹੇਤ ਘਾਮ ਤੇ ਸੋਇ । ਬਿਚਰਤ ਅਧਿਕ ਥੁਕਤੁ ਪੁਨ ਹੋਇ ।
ਇਨ ਕਾਰਨ ਤੇ ਨਹਿਨ ਪਛਾਨੀ । ਦੇਖਤ ਸ੍ਰਿੰਗਾ ਮ੍ਰਿਗ ਲਿਪ ਜਾਨੀ ।।
ਨਹਿ ਤਿਸ ਕੇ ਚਨ ਪਹੁੰਚਯੋ ਨਰ । ਭਾਜ ਨ ਜਾਇ ਮੋਹ ਕੋ ਹਰ ।
ਥਿਰਯੋ ਦੂਰ ਤੇ ਤੁਪਕ ਚਲਾਈ । ਲਾਗੀ ਸੀਸ ਬਿਖੇ ਤਬ ਜਾਈ । ੨੫ ।
ਤਤ ਛਿਨ ਧੇਨੂ ਗਿਰੀ ਉਲਥਾਇ । ਪ੍ਰਾਨ ਨਾਸ ਹੋਇ ਲਗਿ ਘਾਇ
ਤੁਰੰਗ ਧਵਾਇ ਜਾਇ ਕਰ ਹੇਰੀ । ਮਰੀਗਈ ਉਥਲੀ ਤਿਸ ਬੇਰੀ । ੨੬ ।

ਮਹਾਪਾਪ ਤੇ ਪਾਯੋ ਤ੍ਰਾਸ । ਮੁਝ ਕਰ ਤੇ ਭਾ ਧੇਨੁ ਬਿਨਾਸ ।
ਇਤਨੇ ਮਹਿ ਗਊਅਨ ਚਰਵਾਰਾ । ਆਇ ਬਿਲੋਕਯ ਪਾਤਕ ਭਾਰਾ ।।
ਤਿਸ ਭਟ ਸੰਗ ਸਰਨ ਬਹੁ ਲਗਯੋ । ਊਚ ਪੁਕਾਰ ਕਰੀ ਤਿਸ ਪਗਯੋ ।
ਸੋਰ ਉਠਾਇ ਜੋਰ ਕੋ ਜਬ । ਕਿਤਕ ਪਹਾਰੀ ਮਿਲਕੈ ਤਬ । ੨੮ ।

ਗਹਿ ਸੋ ਲਯੋ ਕਰਹਿ ਬਲ ਭਾਰੀ । ਅਨਿਕ ਪ੍ਰਕਾਰ ਨਿਕਾਰਹਿ ਗਾਰੀ ।
ਧੇਨੁ ਲੇਹਿ ਤੇ ਛਹਨ ਕਰੈ । ਨਾਹਿਤ ਬੰਧਹਿ ਘਰਮਹਿ ਧਰੈ । ੨੯ ।

ਪਰਯੋ ਰੌਰ ਪੁਨ ਔਰ ਸਊਰ । ਸੁਨ ਸੁਨ ਨਿਕਟ ਆਇ ਜੋ ਦੂਰ ।
ਸ੍ਰੀ ਗੁਰਦਿੱਤੇ ਜਬ ਸੁਧਪਾਈ । ਗਏ ਤੁਰਤ ਪਹਿਤੁਰੰਗ ਧਵਾਈ । ੩੦

ਪਾਤਕ ਘੋਰ ਬਿਲੋਕਯੋ ਜਾਇ । ਅਧਿਕ ਕੋਹੀਆਂ ਸੋਰ ਸਚਾਇ
ਹਯਕੇ ਸਹਿਤ ਸੁਭਟਕੋ ਗ੍ਰਹਯੋ । ਬਹੁ ਝਿਰਕਤ ਅਪਰਾਧੀ ਬਹਯੋ । ੩੧

ਮ੍ਰਿਦੁਲ ਬਾਕ ਗੁਰ ਪੁਤ੍ਰ ਸੁਨਾਯੋ । ਬਿਨ ਜਾਨੇ ਬਡ ਦੋਸ ਕਮਾਯੋ
ਸਭ ਤਜ ਦੇਹੁ ਲਰੇ ਕਿਆ ਹੋਇ । ਮ੍ਰਿਤਭਈ ਅਬ ਜੀਵ ਨਹਿ ਕੋਇ ।
ਸੁਨਤ ਪਹਾਰੀ ਬਾਕ ਉਚਾਰੇ । ਤੁਮ ਗੁਰ ਸੁਤ ਅਜ ਮਤ ਕੋ ਧਾਰੇ
ਗਊ ਮਰੀ ਕੋ ਦੇਹੁ ਜਵਾਇ । ਨਿਜ ਚਾਕਰ ਕੋ ਲੇਹੁ ਛਡਾਇ । ੩੩
ਜੇ ਬਲ ਕਰੋ ਪੁਕਾਰੂ ਜੈ ਹੈ । । ਨਿਜ ਰਾਜੇ ਕੇ ਨਿਕਟ ਕਹੈ ਹੈਂ
ਵਧਹਿ ਫਿਸਾਦ ਫਿਸਾਲ ਅਗਾਰੀ । ਇਹੁਪਾਤਕ ਨਹਿ ਸਕਹਿ ਸਹਾਰੀ
ਕਰਨ ਬਾਤ ਗੁਰ ਪੁਤ੍ਰ ਬਿਚਾਰੇ । ਮਰੀ ਗਊ ਜੇ ਅਬੈ ਜਿਵਾਰੈ
ਇਹ ਭੀ ਬਾਤ ਨ ਆਛੀ ਹੋਇ । ਪਿਤਾ ਰਿਸੈ ਹੈ ਸੁਨੇਜਿ ਸੋਇ । ੩੫

ਕਸਟ ਅਨੇਕ ਦੇਹ ਪੁਨ ਝਾਲੈਂ । ਅਜਮਤ ਨਹੀਂ ਜਨਾਇ ਬਿਸਾਲੈਂ
ਇਹੁ ਮਤ ਹੈ ਗੁਰਘਰ ਕੋ ਸਦਾ । ਜਰਹਿ ਅਜਰ ਬਿਦਤਾਇ ਨ ਕਦਾ
ਕਰਾਮਾਤ ਨਹੀ ਆਪ ਲਗਾਵੈਂ । ਜੋ ਲਗਾਇ ਤਿਸ ਦੇਖ ਰਿਸਾਂਵੈਂ
ਜੇ ਅਬ ਗਊ ਨ ਜੀਵਤ ਏਹੂ । ਇਕ ਤੋ ਪਾਪ ਹੇਤ ਹੈ ਏਹੂ । ੩੭

ਦੁਤੀਏ ਜੈ ਹੈਂ ਕਰੇਂ ਪੁਕਾਰ । ਅਪਜਸ ਬਿਸਰੇਗੋ ਸੰਸਾਰ
ਇਸ ਤੇ ਨਾਮ ਨ ਲੈਹੈ ਕੋਈ । ਹਮਰੀ ਦਿਸਾ ਅਰੋਪਹਿ ਸੋਈ । ੩੮

ਨਣ ਤੇ ਸਾਂਤ ਬ੍ਰਿਤਿ ਅਬ ਭਏ । ਸੁਨਹਿ ਬਿਖੇਰਾ ਤੋ ਰਿਸ ਲਏ
ਠਾਢੇ ਭਏ ਕਰਹਿ ਬਿਰਲਚਨ । ਅਨਿਕ ਭਾਂਤ ਕੀ ਸੋਚਤ ਸੋਚਨ । ੩੯

ਕਰਹਿ ਕਹਾ ਅਸਮੰਜਸ ਬਨੈ । ਦੋਨਹੁ ਬਿਧੀ ਕਹਰ ਹੁਇ ਖਨੇ
ਸੁਰਭੀ ਮੂਈ ਪਾਪ ਹੈ ਭਾਰਾ । ਕਰਾਮਾਤ ਦੇ ਦੋਸ ਉਚਾਰਾ । ੪੦

ਥਿਰੇ ਰਹੇ ਤਿਹ ਕੇਤਕ ਕਾਲਾ । ਰਿਦੇ ਬਿਚਾਰਨ ਕਰਹਿ ਬਿਸਾਲਾ
ਝਗਰਤ ਖਰੇ ਸਮੂਹ ਹਭ ਹਾਰੀ । ਆਪਨ ਪਰ ਕੇ ਨਰਗਨ ਰਾਰੀ । ੪੧

## ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ੮ ਅੰਸ ੩੬

ਦੋਹਰਾ:— ਸ੍ਰੀ ਗੁਰਦਿੱਤੇ ਸੰਗ ਸਹਿ, ਸੁਭਟ ਹੁਤੇ ਤਿਸ ਠਾਨ।
ਹਾਥ ਜੋਰ ਬੋਲੇ ਸਕਲ, ਗੁਰਸੁਤ ਸੁਨਹੁ ਸੁਜਾਨ।

### ਚੌਪਈ

ਮਰੀ ਗਊ ਤੇ ਦੋਸ ਘਨੇਰੇ।। ਜੇ ਜੀਵਹਿ ਹੁਇ ਕਸਲ ਬਡੇਰੇ
ਜਯੋਂ ਤਯੋਂ ਕਰਦੀਜਹਿ ਇਸ ਪ੍ਰਾਨ। ਸਭ ਦਿਸ ਤੇ ਕਲਹਾ ਹੁਇ ਹਾਨ। ੨

ਪਾਤਕ ਮਿਟਹਿ ਪੁੰਨ ਅਧਿਕਾਈ। ਪਸਰਹਿ ਕੀਰਤ ਬਿਮਲ ਸਦਾਈ
ਨਰ ਆਦਿਕ ਜੇ ਅਪਰ ਜਿਵਾਵਨ। ਸੁਨ ਸਤਗੁਰ ਤਬ ਹੋਇਗਿਸਾਵਨ
ਇਸਤੇ ਪੁਨ ਅਧਿਕ ਕੋ ਜਾਨ। ਸ੍ਰੀ ਪ੍ਰਭ ਨਹੀਂ ਕੋਪ ਕੇ ਠਾਨ
ਇਤਯਾਦਿਕ ਸਭਹੂਨ ਸੁਨਾਯੋ। ਗੁਰਸੁਤ ਸੁਨਤ ਰਿਦੇ ਹੁਇ ਆਯੋ। ੪

ਅਬ ਤੋ ਅਛੀ ਅਹੈ ਜਿਵਾਵਨ। ਜਹਿਤ ਪੁੰਨ ਅਰ ਰਾਰ ਮਿਟਾਵਨ
ਪਿਤਾ ਕੋਪ ਕੋ ਲੇਹੁ ਸਹਾਰ। ਜਯਾ ਕਹੈਂ ਸੋ ਕਰਹੈਂ ਕਾਰ। ੫

ਇਮ ਉਰ ਲਿਆਇ ਤੁਰੰਗਮ ਛੋਹ। ਉਤਰ ਗਏ ਮ੍ਰਿਤ ਧੇਨੁ ਓਹ
ਨੀਮ ਤਰੋਵਰ ਕੀ ਨਵਲਾਸੀ। ਹਾਥ ਗਹੀ ਪਹੁੰਚੇ ਗ ਪਾਸੀ। ੬

ਛਰੀ ਲਗਾਇ ਗਊ ਕੇ ਗਾਤ। ਸ੍ਰੀ ਮੁਖ ਤੇ ਬੋਲੇ ਇਸ ਭਾਤ
ਉਠਹੁ ਮਾਤ ਅਬ ਨਿਦ੍ਰਾ ਤਯਾਗਹ। ਪੂਰਬ ਸਮ ਚਰਬੇ ਤ੍ਰਿਣ ਲਾਗਹੁ
ਸੁਭਟ ਸਕਲ ਅਰ ਮਰੇ ਪਹਾਰੀ ਮਰੀ ਧੇਨੁ ਇਸ ਕਰਤ ਨਿਹਾਰੀ
ਗੁਰੂ ਪੁਤ੍ਰ ਜਬ ਬਾਕ ਬਖਾਨੇ। ਤਤ ਬਿਨ ਉਠੀ ਸੁਪ੍ਰਿਥਮ ਸਮਾਨੇ।੮

ਤ੍ਰਿਣਨ ਹਰਤ ਕੋ ਚਰਨੇ ਲਾਗੀ। ਦੇਖ ਸਭਨ ਬੁਧ ਬਿਸਮੈ ਪਾਗੀ
ਹਰਖਤ ਹੋਏ ਬਾਕ ਸੰਭਾਰੀ। ਲੋਗਮਨੇ ਜਿਹ ਸੁਰਭੀ ਸਾਰੀ। ੯



ਇਸ ਪੁਸਤਕ ਦੇ ਲੇਖਕ ਸ੍ਵਾਮੀ ਸ੍ਵਤੰਤ੍ਰਾਨੰਦ ਜੀ ਮਹਾਰਾਜ



ਅੰਗ੍ਰੇਜੀ ਰਾਜ ਵਿਚ ਗਊ ਰਖਿਆ ਲਈ ਪ੍ਰਬਲ ਅੰਦੋਲਨਕਾਰੀ
ਗੋਕਰੁਣਾਨਿਧਿ ਦੇ ਲੇਖਕ

**ਮਹਰਿਸ਼ੀ ਦਯਾਨੰਦ**

ਕਰ ਬੰਦਨ ਸੁਜਸ ਉਚਾਰਤ । ਗਏ ਗੁਰੂ ਮਹਿਮਾ ਉਰਧਾਰਤ
ਗੁਰਸੁਤ ਚਢੇ ਤੁਰੰਗਮ ਚਲੇ । ਸੁਭਟ ਸੰਗ ਗਮਨੇ ਸਭ ਮਿਲੇ । ੧੦।
ਬਿਸਮਤ ਮਤ ਕੀਰਤਪੁਰ ਆਏ । ਉਤਰ ਤੁਰੰਗ ਸਥਾਨ ਲਗਾਏ । ੧੧ ।

ਸੂਰਜ ਪ੍ਰਕਾਸ਼ ਰਾਗ ੮ ਅੰਸ ੩੭

ਏਸ ਸਾਰੇ ਲੇਖ ਦਾ ਮਤਲਬ ਏਹ ਹੈ । ਇੱਕ ਦਿਨ ਬਾਬਾ ਗੁਹਦਿੱਤਾ ਜੀ ਆਪਣੇ ਸਵਾਰਾਂ ਨਾਲ ਸ਼ਿਕਾਰ ਖ਼ਡਣ ਗਏ । ਪਹਲਾਂ ਕੋਈ ਸ਼ਿਕਾਰ ਨ ਲਭਿਆ । ਅੰਤ ਨੂੰ ਇੱਕ ਸਵਾਰ ਨੇ ਸੰਘਣੇ ਬਿਰਛਾਂ ਵਿਚ ਗਊ ਚਰਦੀ ਨੂੰ ਦੇਖਕੇ ਸਮਝਿਆ ਏਹ ਪਾੜਾ (ਬਾਰਹਸਿੰਘਾ) ਹੈ । ਉਸ ਨੇ ਗੋਲੀ ਚਲਾਈ ਜੀਹਦੇ ਨਾਲ ਗਊ ਮਰ ਗਈ ਜਦ ਕੋਲ ਜਾਕੇ ਦੇਖਿਆ ਤਾਂ ਬੜਾ ਦੁਖੀ ਹੋਇਆ । ਉਦੋਂ ਨੂੰ ਗਊ ਦਾ ਮਾਲਕ ਵੀ ਆ ਗਿਆ ਓਨੇਂ ਆਕੇ ਰੌਲਾ ਪਾਇਆ ਤੇ ਸਵਾਰ ਨੂੰ ਫੜ ਲਿਆ ਰੌਲਾ ਸੁਣਕੇ ਹੋਰ ਪਹਾੜੀ ਤੇ ਸਵਾਰ ਨਾਲੇ ਬਾਬਾ ਜੀ ਆ ਗਏ । ਬਾਬਾ ਜੀ ਨੇ ਆਖਿਆ । ਮਰਨ ਵਾਲੀ ਗਊ ਤਾਂ ਮਰ ਗਈ । ਏਸ ਸਵਾਰ ਨੂੰ ਛਡ ਦਿਓ । ਪਹਾੜੀਆਂ ਨੇ ਛਡਣੋਂ ਨਾਂਹ ਕਰਕੇ ਕਹਿਆ ਤੁਸੀਂ ਗੁਰ ਪੁਤ੍ਰ ਹੋ ਗਊ ਨੂੰ ਜੀਉਂਦੀ ਕਿਉਂ ਨਹੀਂ ਕਰ ਦਿਦੇ । ਬਾਬਾ ਜੀ ਨੇ ਚਿਤ ਵਿਚ ਸੋਚਿਆ, ਗੁਰੂ-ਘਰ ਵਿਚ ਕਰਾਮਾਤ ਦਿਖੌਣੀ ਠੀਕ ਨਹੀਂ ਹੈ ਅਰ ਗਊ-ਘਾਤ ਵੀ ਮਹਾਂਪਾਪ ਹੈ ਘੋਰ ਹਤਿਆ ਤੇ ਕਰਾਮਾਤ ਦੋਨੋਂ ਬੁਰੀਆਂ ਹਨ। ਅੰਤ ਨੂੰ ਸਿਖਾਂ ਨੇ ਆਖਿਆ । ਬਾਬਾ ਜੀ ਗਊ ਨੂੰ ਜਵਾਲ ਦਿਓ ਗਊ ਦੇ ਮਰਨ ਵਿਚ ਮਹਾਂਪਾਪ ਹੈ ਤੇ ਜੀਉਣ ਵਿਚ ਲਾਭ ਬਧੇਰੇ ਹੈ । ਏਹ ਸੁਣਕੇ ਬਾਬੇ ਗੁਰਦਿਤੇ ਜੀ ਨੇ ਸੋਚਿਆ ਗਊਘਾਤ ਦੇ ਸਾਂਮਣੇ ਹੋਇਆ ੨ ਕਰਾਮਾਤ ਕਰਨ ਵਿਚ ਡਰ ਨਹੀਂ । ਪਿਤਾ ਜੀ ਨਾਰਾਜ ਹੋਣਗੇ । ਪਰ

ਜੋ ਕੁਝ ਓਹ ਕਹਣਗੇ ਕਹ ਲਿਆ ਜਾਵੇਗਾ। ਹੁਣ ਗਊ ਜੀਉਂਦੀ ਕਰ ਦੇਣੀ ਚਾਹੀਦੀ ਹੈ। ਏਹ ਸੋਚ ਕੇ ਘੋੜੇ ਤੋਂ ਉਤਰ ਕੇ ਨਿਮ ਦੀ ਟਾਹਣੀ ਲੈਕੇ ਗਊ ਕੋਲ ਜਾਕੇ ਟਾਹਣੀ ਛੁਆਕੇ ਆਖਿਆ, ਗਊ ਮਾਤਾ ਉਠ ਪਹਿਲਾਂ ਵਾਂਗ ਘਾਹ ਖਾਹ। ਗਊ ਉਠਕੇ ਘਾਹ ਚਰਨ ਲਗ ਪਈ।

ਗਊਆਂ ਵਾਲੇ ਗਊਆਂ ਲੈ ਗਏ ਤੇ ਬਾਬਾ ਜੀ ਸਾਥੀਆਂ ਨਾਲ ਕੀਰਤਪੁਰ ਆ ਗਏ।

ਏਦੂ ਅਗੇ ਏਹ ਲਿਖਿਆ ਹੈ। ਜਦ ਗੁਰੂ ਹਰਗੋਬਿੰਦ ਜੀ ਨੂੰ ਪਤਾ ਲਗਿਆ ਕਿ ਗੁਰਦਿਤੇ ਨੇ ਗਊ ਜਵਾਈ ਹੈ ਤਾਂ ਨਰਾਜ ਹੋਏ ਪਿਤਾ ਦੀ ਨਰਾਜਗੀ ਨੂੰ ਜਾਣਕੇ ਬਾਬਾ ਗੁਰਦਿਤਾ ਜੀ ਘਰੋਂ ਬਾਹਰ ਜੰਗਲ ਵਿਚ ਗਏ। ਅਰ ਸਰੀਰ ਛਡ ਦਿਤਾ। ਜਿਸ ਵਲੇ ਬਾਬਾ ਜੀ ਦੇ ਸਰੀਰ ਛਡਣ ਦਾ ਪਤਾ ਲਗਿਆ ਤਾਂ ਗੁਰੂ ਜੀ ਅਤੇ ਹੋਰ ਸੰਗਤਾਂ ਓਥੇ ਗਈਆਂ ਤੇ ਸਰੀਰ ਦਾ ਦਾਹ ਸੰਸਕਾਰ ਕੀਤਾ।

ਏਹੀ ਗੱਲ ਥੋੜੇ ਜੇਹੇ ਫਰਕ ਨਾਲ ਸ੍ਰੀ ਗੁਰਪੁਰ ਪ੍ਰਕਾਸ਼ ਵਿਚ ਲਿਖੀ ਹੈ। ਏਹ ਓਹ ਗ੍ਰੰਥ ਹੈ ਜੀਹਦੇ ਲਈ ਇਕ ਗੁਰਮਤਾ ਪਾਸ ਸੋਧਿਆ ਹੋਇਆ ਓਹਦੀ ਭੂਮਿਕਾ ਵਿਚ ਲਿਖਿਆ ਹੈ। ਉਹ ਗੁਰਮਤਾ ਏਹ ਹੈ:-

"ਇਹੁ ਸ੍ਰੀ ਗੁਰਪੁਰ ਪ੍ਰਕਾਸ਼ ਗ੍ਰੰਥ ਆਦਿ ਸੇ ਅੰਤ ਪ੍ਰਯਤ ਗੁਰ-ਬਾਣੀ ਦੀ ਕਸਵੱਟੀ ਨਾਲ ਸੋਧਿਆ ਗਿਆ ਹੈ ਅਰ ਪੁਰਾਤਨ ਇਤਿਹਾਸਾਂ ਦੀ ਖੋਜ ਪੜਤਾਲ ਵੀਚਾਰ ਦਾ ਸਿੱਟਾ ਹੈ ਤੇ ਜਿਤਨਾ ਬਲ ਬੁੱਧ ਸੀ ਉਸ ਅਨੁਸਾਰ ਸਾਰੇ ਮਿਲਸਕੇ ਮਸਾਲੇ ਦਾ ਇੱਕ ਸੰਚਾ ਹੈ। ਇਸ ਗ੍ਰੰਥ ਦੀ ਪੰਥ

ਵਿਖੇ ਇਸ ਪ੍ਰਕਾਰ ਲੋੜ ਸੀ ਜਿਸ ਤਰਾਂ ਪਿਆਸੇ ਨੂੰ ਜਲ ਦੀ, ਮਹਲ ਪਰ ਚੜਨ ਵਾਸਤੇ ਪੌੜੀਆਂ ਦੀ, ਸਮੁਦ੍ਰ ਤੋਂ ਪਾਰ ਹੋਨ ਵਾਸਤੇ ਜਹਾਜ ਦੀ ਲੋੜ ਹੋਂਵਦੀ ਹੈ। ਇਹ ਗ੍ਰੰਥ ਗੁਰਮੁਖ ਪਦਦੇ ਦੇਣ ਵਾਲਾ ਗੁਰਮਤ ਪੂਰਤ ਦਸਾਂ ਸਤਗੁਰਾਂ ਦਾ ਇਤਿਹਾਸ ਹੈ। ਸਰਬੱਤ ਗੁਰੂ ਪੰਥ ਦੇ ਪੜ੍ਹਨ ਅਤੇ ਸੁਣਨ ਯੋਗ ਅਤੇ ਗੁਰੂ ਪੰਥ ਨੂੰ ਸ੍ਰੀ ਗੁਰ ਪੁਰ ਦੇ ਆਨੰਦ ਅਰਥਾਤ ਜੀਵਨ ਮੁਕਤੀ ਦੇਣ ਹਾਰਾ ਅਤੇ ਆਈ ਸੰਤਾਨ ਨੂੰ ਗੁਰ ਸਿਖ ਬਨਾਨ ਵਾਲਾ ਹੈ।"

ਏਹ ਗੁਰਮਤਾ ਸੋਧਨ ਵਾਲੇ ਪੜ ਗਿਆਨੀ-ਗ੍ਰੰਥੀ ਤੇ ਮਾਨਨੀਕ ਸਿਖ ਸਨ। ਏਸ ਗ੍ਰੰਥ ਦੇ ਲਿਖਾਰੀ ਸ੍ਰੀ ਪ੍ਰੇਮ ਸਿੰਘ ਜੀ ਤੇਹਣ ਹਨ।

ਏਸ ਗ੍ਰੰਥ ਵਿਚ ਓਹ ਘਟਨਾ ਇਨਾਂ ਸ਼ਬਦਾ ਵਿਚ ਲਿਖੀ ਹੋਈ ਹੈ :—

ਚੋਪਾਈ

ਕਿਤਕ ਸੁਭਟ ਇਕ ਦਿਨ ਗੁਰ ਕੇਰੇ। ਗੇ ਬਨ ਮਹਿ ਹਿਤ ਖੇਲ ਅਖੇਰੇ
ਦਿਵਸ ਚਢਯੋ ਬੜ ਘਾਮ ਉਪੰਨਾ। ਬਿਚਰਤ ਭਏ ਨ ਕੋ ਮ੍ਰਿਗ ਹੰਨਾ। ੨੮
ਇਕ ਸਵਾਰ ਬਡ ਦੂਰ ਸਿਧਾਰਾ। ਸਘਨ ਬ੍ਰਿਛਨ ਮਹਿ ਪਸੂ ਨਿਹਾਰਾ
ਜਹਿ ਤਿਸਕੇ ਚਲ ਪਹੁੰਚਯੋ ਨੇਰੇ। ਭਾਜ ਨ ਜਾਇ ਮੋਹ ਕੇ ਹੇਰੇ। ੨੯
ਬਿਰਯੰ ਦੂਰ ਤੇ ਤੁਪਕ ਚਲਾਈ। ਲਾਗੀ ਤਾਤ ਕਾਲ ਤਿਸ ਜਾਈ
ਗਯੋ ਨਿਕਟ ਜਬ ਕੀਨ ਚਿਨਾਰੀ। ਮ੍ਰਿਤਕ ਧੇਨ ਪਾਈ ਤਿਸਬਾਰੀ। ੩੦
ਮਹਾਪਾਪ ਤੇ ਪਾਯੋ ਤ੍ਰਾਸਾ। ਮਮ ਕਰਤੇ ਭੀ ਧੇਨ ਬਿਨਾਸਾ
ਲੋਟਾਯੋ ਸੰਗਨ ਸੋਂ ਕਹਯੋ। ਮਹਾਂ ਅਪੱਦ੍ਰਵ ਮੋਤੇ ਥਯੋ। ੩੧

ਸੁਨ ਬਹਰਹ ਸਭ ਕਾਂਪਨ ਲਾਗੇ । ਧੇਨ ਹਤੀ ਗੁਰ ਰਿਸਵੈਂ ਆਗੇ ।
ਅਸ ਚਿੰਤਾ ਮਹਿੰ ਪੁਰ ਦਿਸ ਆਇ । ਸ੍ਰੀ ਗੁਰਦਿੱਤਾ ਮਗ ਦਰਸਾਇ ।
ਪਿਖ ਤਬ ਉਤਰੇ ਸਭੇ ਸ਼ਿਕਾਰੀ । ਬਾਬੇ ਕੇ ਪਗ ਬੰਦਨ ਧਾਰੀ ।

ਪੁਨ ਜਿਸਤੇ ਭੀ ਧੇਨੁ ਬਿਨਾਸ । ਤਿਸ ਨੇ ਕੀਨੀ ਬਿਨੇ ਪ੍ਰਕਾਸ਼ । ੩੩ ।
ਹੇ ਗੁਰ ਸੁਤ ਬਾਬਾ ਗੁਰਦਿੱਤਾ । ਹਮ ਸੇ ਪਾਤਕ ਭਯੋ ਅਚਿੱਤਾ ।

ਧੇਨ ਹਤੀ ਗੀ ਬਿਨਾ ਚਿਨਾਰੇ । ਹੋਵੇ ਅਪਜਸ ਜਗਤ ਮਝਾਰੇ । ੩੪ ।
ਪਰ ਕੋ ਨਾਮ ਨ ਲਹੇ ਹਮਾਰਾ । ਸਤਗੁਰ ਚਾਕਰ ਕਰੇਂ ਉਚਾਰਾ ।
ਯਾਂਤੇ ਬਿਰਦ ਲਾਜ ਅਬ ਰਾਖੋ । ਜੀਐ ਧੇਨ ਬਚ ਨਿਜਸੁਭ ਭਾਖੋ । ੩੫ ।

ਸੁਨ ਸ੍ਰੀ ਬਾਬੇ ਕੀਨ ਬਿਚਾਰਨ । ਮਰੀ ਗਊ ਜੇ ਕਰੇਂ ਜਿਵਾਰਨ ।
ਇਹ ਭੀ ਬਾਤ ਨ ਆਛੀ ਜੋਇ । ਪਿਤਾ ਰਿਸੇ ਹੈਂ ਸੁਨ ਹੈ ਸੋਇ । ੩੬ ।

ਅਟਲ ਰਾਇ ਜਬ ਬਾਲ ਜਿਵਾਯੋ । ਇਸਤੇ ਪ੍ਰਾਨ ਤਜਨ ਬਨ ਆਯੋ ।
ਜੇ ਅਬ ਧੇਨ ਨਾਹਿੰ ਜਿੰਵਾਵੈਂ । ਤੋ ਅਪਜਸ ਜਗਮਹਿ ਬਹੁ ਥਾਵੈਂ । ੩੭ ।

ਹਤੀ ਇਨਹੁ ਨਹੀਂ ਕੋਈ ਜਾਨੈ । ਸਤਗੁਰ ਚਾਕਰ ਨਾਮ ਬਖਾਨੇ ।
ਅਬ ਤ ਆਛੀ ਅਹੈ ਜਿਵਾਵਨ । ਸਹਿਤ ਪੁੰਨ ਅਪਜਸਹਿ ਮਿਟਾਵਨ ।
ਪਿਤਾ ਕੋਪ ਕੇ ਲੇਹਿ ਸਹਾਰ । ਜਥਾ ਕਹੈਂ ਸੋ ਕਰ ਹੈਂ ਕਾਰ ।
ਅਸ ਬਿਚਾਰ ਤਿਨਕਹਯੋ ਸੁਨਾਈ । ਧੇਨ ਮ੍ਰਿਤਕ ਕੋ ਲਿਆਉ ਉਠਾਈ ।
ਸੁਨਤ ਗਏ ਜੋਧਾ ਤਬ ਧਾਇ । ਮਿਤਕ ਗਊ ਕੋ ਲਿਆਇ ਉਠਾਇ ।

ਨੀਮ ਛਰੀ ਥੀ ਗੁਰ ਸੁਤ ਹਾਥ । ਕੀਨ ਲਗਾਵਨ ਧੇਨੁ ਗਾਤ । ੪੦ ।
ਤਤ ਛਿਨ ਉਠੀ ਘਾਸ ਚਰ ਲਾਗੀ । ਪਿਖ ਸਭਕੇ ਮਨ ਮੁਦ ਬਹੁ ਜਾਗੀ ।
ਭੇ ਨਿੰਦਿਤ ਪੁਰ ਮਹਿ ਸਭ ਆਇ । ਸ੍ਰੀ ਗੁਰ ਸੁਤ ਕੇਜਾਸੁ ਬਹੁਜਾਇ ।

ਮਹਲਾ ੬ ਮੰਦਰ ੭੧

ਦੋ:-ਸ੍ਰੀ ਗੁਰੂ ਹਰਗੋਬਿੰਦ ਜੀ ਜਾਨ ਲੀਨ ਬ੍ਰਿਤਾਂਤ ।
ਏਤਕ ਮਹਿ ਆਵਤ ਭਏ ਬਾਬਾ ਜੀ ਬਖਯਾਤ । ੧ ।

ਚੌਪਈ:—

ਮਸਤਕ ਟੇਕਯੋ ਪਿਤਾ ਅਗਾਰੀ । ਤੋਰ ਪਿਤਾ ਦੀ ਅੰਵਰ ਨਿਹਾਰੀ ।
ਗੁਰ ਬੋਲੇ ਕੀਨੀ ਅਬ ਨੀਕੀ । ਹਰਿ ਗੁਰ ਸੰਤਨ ਲਗ ਜੁ ਫੀਕੀ । ੨
ਅਟਲ ਰਾਇ ਜਾਂਤੇ ਤਜ ਪ੍ਰਾਨਾ । ਤੂੰ ਅਬ ਲੋ ਸਮਝਯੋ ਨ ਸਿਯਾਨਾ ।

ਮ: ੬ ਮੰਦਰ ੭੨

ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਤੇ ਸ੍ਰੀ ਗੁਰ ਪੁਰ ਪ੍ਰਕਾਸ਼ ਵਿਚ ਏਨਾਂ ਹੀ ਫਰਕ ਹੈ । ਪਹਲਾ ਸ਼ਿਕਾਰ ਜਾਣਾ ਬਾਬੇ ਗੁਰਦਿੜੇ ਜੀ ਨੂੰ ਭੀ ਲਿਖਦਾ ਹੈ । ਦੂਜਾ ਏਹੀ ਲਿਖਦਾ ਹੈ ਕਿ ਸਿਖ ਹੀ ਸ਼ਿਕਾਰ ਵਾਸਤੇ ਗਏ । ਓਨਾਂ ਤੋਂ ਭੁਲ ਨਾਲ ਗਊ ਮਰ ਗਈ, ਘੋਰ ਪਾਪੁ ਜਾਣਕੇ ਦੁਖੀ ਮਨ ਮੁੜ ਔਂਦੇ ਸ਼ੀ, ਰਾਵ ਵਿਚ ਬਾਬਾ ਜੀ ਮਿਲੇ, ਹਰ ਸਾਰੀ ਕਹਾਣੀ ਇਕੋ ਜੇਹੀ ਲਿਖੀ ਹੈ

ਹੁਣ ਤੀਜੇ ਲਿਖਾਰੀ ਭਾਈ ਗਿਆਨ ਸਿੰਘ ਜੀ ਹਨ, ਓਨਾਂ ਨੇ ਤਵਾਰੀਖ ਖਾਲਸਾ ਲਿਖੀ ਹੈ ਏਹ ਕਹਾਣੀ ਓਨਾਂ ਨੇ ਵੀ ਲਿਖੀ ਹੈ, ਓਨਾਂ ਦਾ ਪਾਠ ਇਉਂ ਹੈ :-

"ਏਸੇ ਸਾਲ ਬਾਬੇ ਗੁਰਦਿੱਤੇ ਦਾ ਚਲਾਣਾ ਹੋਇਆ । ਏਸਦੇ ਬਾਬਤ ਮੁਨਸ਼ੀ ਮਹਾਂਵਲੀ ਨੇ ਤਵਾਰੀਖ ਅੰਮ੍ਰਿਤਸਰ ਵਿਚ ਦੁਬਿਸਤਾਨ ਮਜਾਹਬ ਦਾ ਹਵਾਲਾ ਦੇਕੇ ਐਉਂ ਲਿਖਿਆ ਹੈ । "ਨਾਗੋਰਾ ਇਕ ਕਲਾ-ਨੌਰ ਦਾ ਖਤ੍ਰੀ ਆਪਣੇ ਕਟੰਬ ਸਮੇਤ ਗੁਰੂ ਕੇ ਦਰਸ਼ਨ ਨੂੰ ਆਇਆ । ਓਸਦੀ ਬਟੀ ਵੱਲ ਚਿਰ ਤਕ ਗੁਰੂ ਜੀ ਦੇਖਦੇ ਰਹੇ । ਓਨ ਜਾਹਿਣਾ ਗੁਰੂ ਜੀ ਦਾ ਦਿਲ ਏਸ ਉਤੇ ਆਇਆ ਹੈ, ਹਥ ਜੋੜਕੇ ਬੇਨਤੀ ਕੀਤੀ ਸੱਚੇ ਪਾਤਸ਼ਾਹ ! ਆਪਦੀ ਇਛਿਆ ਹੋਵੇ ਤਾ ਏਸਨੂੰ ਅਪਣੀ ਦਾਸੀ ਕਰ ਲਓ, ਗੁਰੂ ਜੀ ਬੋਲੇ, ਏਸ ਵਾਸਤੇ ਅਸੀਂ ਨਹੀਂ ਦੇਖਦੇ, ਅਸੀਂ ਤਾਂ ਕੇਵਲ ਏਸਦੇ

ਅਨੂਪ ਸਰੂਪ ਵਨੀ ਜੋ ਕਰਤਾਰ ਨੇ ਏਸ ਨੂੰ ਬਖਸ਼ਿਆ ਹੈ ਦੇਖਦੇ ਸੋ ਸਿਖ ਦੀ ਬੇਟੀ ਸਾਡੀ ਬੇਟੀ ਹੈ। ਏਹ ਬਚਨ ਸੁਣਕੇ ਸਭ ਲੋਗ ਧੰਨ ਗੁਰੂ ਆਖਨ ਲਗੇ।

ਏਧਰ ਟਿੱਕੇ ਗੁਰਦਿੱਤੇ ਜੀ ਨੇ ਓਸਦੇ ਅਤੀ ਸੁੰਦਰ ਸਰੂਪ ਉਤ ਮੋਹਿਤ ਹੋਕਰ ਓਸ ਨਾਲ ਸ਼ਾਦੀ ਕਰਨੀ ਠਹਰਾ ਲੀਤੀ, ਗੁਰੂ ਹਰਰਾਇ ਜੀ ਦੀ ਮਾਤਾ ਨੇ ਅਪਣੇ ਉਤੇ ਸੌਕਣ ਆਉਣ ਦਾ ਦੁਖ ਮੰਨਕੇ ਗੁਰੂ ਸ਼ਾਹਿਬ ਪਾਸ ਜਾ ਦੱਸਿਆ ਤੇ ਰੁਦਨ ਕੀਤਾ, ਗੁਰੂ ਜੀ ਨ ਟਿੱਕੇ ਸਾਹਿਬ ਨੂੰ ਬੁਲਾਕੇ ਆਖਿਆ, ਇਸ ਨੂੰ ਅਸੀਂ ਭਰੀ ਸਭਾ ਵਿਚ ਬੇਟੀ ਕਹ ਚੁਕੇ ਹਾਂ ਤਨੂੰ ਬਯਾ-ਹੁਣੀ ਜੋਗ ਨਹੀਂ। ਟਿੱਕਾ ਗੁਰੂਜੀ ਪਾਸ ਤਾਂ ਮੁਕਰ ਕੇ ਸੌਂਹ ਖਾ ਗਿਆ ਪਰ ਚੋਰੀ ਬਿਆਹ ਲੀਤੀ। ਝੂਠੀ ਸੌਂਹ ਖਾਣ ਉਤੇ ਗੁਰੂ ਜੀ ਨੂੰ ਗੁਸਾ ਆਇਆ ਓਨਾਂ ਕਹਿ ਭੇਜਿਆ, ਹੁਣ ਸਾਨੂੰ ਮੂੰਹ ਨਾ ਦਿਖਾਵੀਂ, ਏਹ ਸੁਣਕੇ ਟਿੱਕੇ ਜੀ ਨੂੰ ਬਹੁਤ ਗ਼ਮ ਹੋਇਆ। ਅਠ ਦਿਨ ਘਰੋਂ ਬਾਹਰ ਨਾ ਨਿਕਲਿਆ ਨੌਵੇਂ ਦਿਨ ਸਵਕ ਸ਼ਿਕਾਰ ਖੇਲਾਉਨ ਲੈਗਏ। ਭਾਵੀ ਕਰਤਾਰ ਦੀ ਚੜ੍ਹਦੀ ਪਰ ਚੜ੍ਹਾਉ। ਸ਼ਿਕਾਰ ਵਿਚ ਮਿਗ ਦੇ ਧੋਖੇ ਗਊ ਨੂੰ ਤੀਰ ਵਜ ਗਿਆ, ਓਹ ਮਰ ਗਈ। ਟਿੱਕੇ ਜੀ ਨੇ ਗਹਤਿਆ ਹੋਈ ਸਮਝਕੇ ਓਸਨੂੰ ਜਿਵਾ, ਦਿਤਾ ਏਹ ਬਾਤ ਸੁਣਕੇ ਗੁਰੂ ਜੀ ਹੋਰ ਭੀ ਗੁਸੇ ਹੋਏ, ਕਿ ਕਰਾਮਾਤ (ਕਹਿਰ) ਦਿਖਾਉਣ ਲਗ ਪਿਆ ਹੈ, ਏਹ ਪਰਮਾਤਮਾ ਨਾਲ ਸਰੀਕਾ ਕਰਦਾ ਹੈ। ਏਹ ਬਚਨ ਸੁਣਕੇ ਤੇ ਜਗਤ ਗੁਰੂ ਪਿਤਾ ਨੂੰ ਗੁਸੇ ਦੇਖਕੇ ਟਿੱਕਾ ਜੀ ਨੇ ਅਟਲ ਰਾਇ ਵਾਂਗ ਚੁਪਚਾਪ ਅਕੱਲੇ ਹੀ ਬੁਢਣ ਸ਼ਾਹ ਦੀ ਕਬਰ ਦੇ ਨੇੜੇ ਪਹਾੜੀ ਉਪਰ ਜਾਕੇ ਅਸੂ ਵਦੀ ੧੦ ਸੰਮਤ ੧੬੯੩ ਬਿਕ੍ਰਮੀ ਨੂੰ ਸਪ ਦੇ ਕੁੰਜ ਛਡ ਜਾਣ ਵਾਗੂੰ ਦੇਹ ਤਿਆਗ ਦਿਤੀ।"

## ਤਵਾਰੀਖ ਖਾਲਸਾ ਪੰਨਾ ੧੦੮੯—੯੦

ਏਸ ਵਿਚ ਬਾਬੇ ਗੁਰਦਿੱਤੇ ਜੀ ਦਾ ਉਦਾਸ ਹੋਣਾ, ਸਿਖਾਂ ਦਾ ਸ਼ਿਕਾਰ ਵਾਸਤੇ ਲਿਜਾਣਾ, ਬਾਬੇ ਜੀ ਕੋਲੋਂ ਧੋਖੇ ਨਾਲ ਗਊ ਦੇ ਤੀਰ ਲਗਣਾ ਤੇ ਮਰਨਾ ਫਰਕ ਵਾਲੀ ਗੱਲ ਹੈ, ਹੋਰ ਸਾਰੀ ਕਹਾਨੀ ਪਹਲੀ ਹੀ ਹੈ।

ਭਾਈ ਸੰਤੋਖ ਸਿੰਘ ਜੀ ਬਾਬੇ ਗੁਰਦਿੱਤੇ ਜੀ ਸਿਖਾਂ ਨੂੰ ਨਾਲ ਲੈਕੇ ਸ਼ਿਕਾਰ ਜਾਣਾ ਤੇ ਸਿਖ ਕੋਲੋਂ ਪਾੜੇ ਦੇ ਭੁਲੇਖੇ ਵਿਚ ਗੋਲੀ ਨਾਲ ਗਊ ਮਰਨੀ ਲਿਖਦੇ ਹਨ

ਭਾਈ ਪ੍ਰੇਮ ਸਿੰਘ ਜੀ ਸਿਖਾਂ ਦਾ ਆਪੇ ਸ਼ਿਕਾਰ ਨੂੰ ਜਾਣਾ ਅਤੇ ਭੁਲ ਨਾਲ ਗਊ ਨੂੰ ਗੋਲੀ ਨਾਲ ਮਾਰਨਾ ਲਿਖਦੇ ਹਨ।

ਭਾਈ ਗਿਆਨ ਸਿੰਘ ਜੀ ਬਾਬੇ ਜੀ ਦੇ ਹਥੋਂ ਹੀ ਤੀਰ ਨਾਲ ਧੋਖੇ ਵਿਚ ਗਊ ਮਰਨੀ ਮੰਨਦੇ ਹਨ। ਭਾਵੇ ਕੁਝ ਹੋ, ਤਿਨੇ ਲੇਖ ਏਹ ਸਾਫ ਮੰਨਦੇ ਹਨ। ਗਊ ਮਰਨ ਨੂੰ ਸਭਨਾਂ ਨੇ ਨਿਰਾ ਪੂਰਾ ਬੁਰਾ ਹੀ ਮੰਨਿਆ, ਸਭ ਨੇ ਘੋਰ ਪਾਪ ਮੰਨਿਆ ਹੈ। ਮਹਾਂਪਾਪ ਮੰਨਕੇ ਦੁਖੀ ਹੋਏ ਹਨ। ਏਹ ਠੀਕ ਹੈ ਗਊ ਜਾਣਕੇ ਨਹੀਂ ਮਾਰੀ ਭੁਲੇਖੇ ਵਿਚ ਮਰੀ, ਜਦ ਭੁਲੇਖੇ ਨਾਲ ਮਰਨ ਕਰਕੇ ਏਨਾਂ ਦੁਖ ਮੰਨਿਆ ਤਾਂ ਜਾਣਕੇ ਮਾਰਨ ਦੀ ਤਾਂ ਬਾਤ ਹੀ ਕੀ ਆਖਣੀ ਹੈ। ਕਿਸੇ ਸਿਖ ਨੂੰ ਕਦੇ ਜਾਣ ਬੁਝਕੇ ਗਊ ਮਾਰਨ ਦਾ ਬਿਚਾਰ ਵੀ ਨਹੀਂ ਹੋ ਸਕਦਾ ਸੀ, ਨ ਹੁਣ ਤਕ ਕਦੇ ਕਿਸੇ ਨੂੰ ਹੋਇਆ ਹੈ।

ਹੁਣ ਤਕ ਜੋ ਕੁਝ ਲਿਖਿਆ ਹੈ ਓਹਦਾ ਭਾਵ ਏਹੋਹੀ ਹੈ। ਗੁਰੂ ਨਾਨਕ ਦੇਵ ਜੀ ਗਊਘਾਤ ਨੂੰ ਬੁਰਾ ਜਾਣਦੇ ਸੀ, ਸਿਖ ਤੇ ਟਿੱਕਾ ਸਾਹਿਬ ਮਹਾਂ ਪਾਪ ਮੰਨਦੇ ਸੀ। ਪਰ ਕੀ ਕੋਈ ਗੁਰੂ ਜੀ ਗਊ ਦੀ ਆਣ ਵੀ ਮੰਨਦੇ ਸੀ ਏਹ ਵਿਚਾਰ ਅਜੇ ਬਾਕੀ ਹੈ। ਮੇਰਾ ਬਿਚਾਰ ਹੈ ਮੰਨਦੇ ਸੀ, ਅਗੋਂ ਆਣ ਵਾਲੀ ਗੱਲ ਲਿਖਦਾ ਹਾਂ।

ਗੁਰੂ ਗੋਬਿੰਦਸਿੰਘ ਜੀ ਦੀ ਜੀਵਨੀ ਵਿਚ ਆਨੰਦਪੁਰ ਛੱਡਣ ਵੇਲੇ ਗਊ ਦੀ ਚਰਚਾ ਔਂਦੀ ਹੈ। ਓਹ ਹਾਲ ਤਵਾਰੀਖ ਤੇ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ। ਦੋਹਾਂ ਦੇ ਪਾਠ ਹੇਠ ਲਿਖਦਾ ਹਾਂ :

"ਓਸ ਵੇਲੇ ਪੰਮੇ ਪ੍ਰੋਹਿਤ ਨੇ ਆਖਯਾ, ਬਾਦਸ਼ਾਹੀ ਫੌਜ ਜਿਤਨੀ ਅਧਕੇ ਆਵੇਗੀ ਓਤਨਾ ਅਧਕ ਰੁਪਯਾ ਖਰਚੇ ਦਾ ਤੁਸਾਨੂੰ ਦੇਣਾ ਪਏਗਾ ਕਿਥੋਂ ਤੇੜੀਂ ਤੁਸੀਂ ਦੇ ਸਕੋਂਗੇ ? ਤਾਂਤੇ ਜੇ ਮੇਰੀ ਮੰਨੋ, ਤਾਂ ਇਕ ਟੋਟਕੜਾ ਜਾਦੂ ਵਰਗਾ ਛਡ ਦਖਾਂ ਜਿਸਤੋਂ ਪੂਰੀ ਉਮੇਦ ਹੈ ਕਿ ਗੁਰੂ ਹੁਣੇ ਅਨੰਦਪੁਰ ਛਡ ਜਾਏਗਾ। ਏਹ ਬਾਤ ਸੁਣਕੇ ਸਭੇ ਆਖਣ ਲਗੇ, ਤੂੰ ਐਸਾ ਮੰਤ੍ਰ ਹੋਰ ਕੇਹੜੇ ਵੇਲੇ ਵਾਸਤੇ ਰਖਿਆ ਹੈ ? ਛੇਤੀ ਕਰ, ਸਾਨੂੰ ਤਾਂ ਸਿਖਾਂ ਨ ਖਖਲੇ ਕਰ ਛੱਡਿਆ ਹੈ ਤੇ ਠੰਡੇ ਦੁਧ ਗੁਰੂ ਫੂਕਾਂ ਮਾਰਦਾ ਹੈ। ਪੰਮਾ ਬੋਲਿਆ ਗੁਰੂ ਨੂੰ ਧਰਮ ਬਹੁਤ ਪਿਆਰਾ ਹੈ, ਏਨਾਂ ਨੂੰ ਗਊ ਦੀ ਸੌਂਹ ਦੇਕੇ ਅਨਦਪੁਰ ਛੁਡਾਈਏ ਤਾਂ ਭਰੋਸਾ ਪੈਂਦਾ ਹੈ, ਕਿ ਇਕ ਵਾਰੀ ਤਾਂ ਜਰੂਰ ਛਡ ਦੇਣਗ ਫੇਰ ਤੁਸ਼ੀਂ ਅਪਣਾ ਬੰਦੋਬਸਤ ਕਰ ਲੈਣਾ। ਏਹੋ ਸਲਾਹ ਠੀਕ ਠਹਰਾਕ ਪੰਮੇ ਨੇ ਇਕ ਆਟੇ ਦੀ ਗਊ ਬਣਾਈ, ਇਕ ਕਾਗਜ ਉਤੇ ਲਿਖਿਆ। ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਆਪ ਨੇ ਧਰਮ ਦੀ ਰਖਯਾ ਤੇ ਤੁਰਕਾਂ ਨੂੰ ਮਾਰਨ ਵਾਸਤੇ ਅਵਤਾਰ ਧਾਰਿਆ ਹੈ, ਏਸੇ ਹਿੰਦੂ ਧਰਮ ਗਊ ਦੀ ਰਖਵਾਲੀ ਲਈ ਨੌਵੇਂ ਗੁਰੂ ਸਾਹਿਬ ਨੇ ਸੀਸ ਕੁਰਬਾਨ ਕੀਤਾ, ਹੈ, ਅਸੀਂ ਭੁਲ ਗਏ ਜੋ ਤੁਸਾਂ ਨਾਲ ਲੜਾਈ ਕੀਤੀ, ਹੁਣ ਅੱਗੇ ਨੂੰ ਕਦੇ ਤੁਸਾਡੇ ਸਾਮਣੇ ਨ ਹੋਵਾਂਗੇ। ਹੁਣ ਤੁਸੀਂ ਇਕ ਵਾਰੀ ਇਸ ਗਊ ਦੀ ਆਣ ਮੰਨਕੇ

5106

ਸਾਡੀ ਲਾਜ ਰਖ ਲਓ, ਇਕ ਦਿਨ ਅਨੰਦਪੁਰ ਤੋਂ ਬਾਹਰ ਚਲੇ ਜਾਓ, ਫੇਰ ਚਾਹੇ ਦੂਜੇ ਦਿਨ ਹੀ ਏਥੇ ਆਵਸਣਾ। ਏਤਨੀ ਦਯਾ ਕਰਨ ਤੇਂ ਸਾਡੀ ਪਗੜੀ ਪਗੜੀ ਰਹਿ ਜਾਵੇਗੀ। ਇਸ ਬਹਾਨੇ ਅਸੀਂ ਪਿਛੇ ਨੂੰ ਮੁੜ ਜਾਣ ਜੋਗੇ ਹੋ ਜਾਵਾਂਗੇ। ਏਹ ਲਿਖਿਤ ਤੇ ਗਊ ਦੇ ਗਲ ਰਸੀ ਪਾ ਰਾਤ ਨੂੰ ਅਨੰਦਗੜ ਦੇ ਕਿਲੇ ਅਗੇ ਥਾਉਂ ਲਿਪਕੇ ਓਥੇ ਰਖ ਗਏ। ਜਦ ਅੰਮ੍ਰਿਤ ਵੇਲੇ ਸਿਖਾਂ ਨੇ ਦੋਵੇਂ ਚੀਜਾਂ ਵੇਖਕੇ ਗੁਰੂ ਜੀ ਅਗੇ ਜਾ ਧਰੀਆਂ ਤਾਂ ਪਤ੍ਰਕਾ ਪੜ੍ਹ ਸੁਣਕੇ ਹੋਰ ਸਿੰਘ ਤਾਂ ਗੁਰੂ ਜੀ ਸਮੇਤ ਪਹਾੜੀਆਂ ਦੀ ਅਕਲ ਤੇ ਹਸਣ ਲਗ ਪਏ ਤੇ ਮਸੰਦਾ ਅਰ ਕਾਇਰ ਸਿਖਾਂ ਨੇ ਜੋ ਲੜਾਈ ਤੋਂ ਡਰਦੇ ਬਰੁਬਰ ਕੰਬਦੇ ਸੀ। ਮਾਤਾ ਜੀ ਨੂੰ ਜਾ ਸਿਖਾਇਆ ਕਿ ਅੱਜ ਵੇਲਾ ਹੈ, ਜੇ ਇਕ ਦਿਨਾਂ ਵਾਸਤੇ ਤੁਸੀਂ ਅਨੰਦਪੁਰ ਗੁਰੂ ਜੀ ਤੋਂ ਛੁਡਾ ਦਿਓ, ਤਾਂ ਪਹਾੜੀਆਂ ਦੀ ਸੌਂਹ ਪਾਈ ਮੰਨੀ ਜਾਏ ਤਾਂ ਸਦਾ ਦਾ ਬਖੇੜਾ ਮਿਟ ਸਕਦਾ ਹੈ, ਕੱਲ ਨੂੰ ਫੇਰ ਏਥੇ ਹੀ ਆਵਸਾਂਗੇ। ਭਾਵੇਂ ਗੁਰੂ ਸਾਹਿਬ ਤਾਂ ਪਹਾੜੀਆਂ ਦੇ ਛਲ ਝੂਠ ਕਪਟ ਨੂੰ ਚੰਗੀ ਤਰਾਂ ਜਾਣ ਰਹੇ ਸਨ ਪਰ ਮਸੰਦਾ ਤੇ ਮਾਤਾ ਜੀ ਦਾ ਹਠ ਵੇਖ ਕਰ ਬਹੁਤ ਸਾਰੇ ਬਹਾਦੁਰ ਸਿੰਘਾ ਨੂੰ ਰਖਵਾਲ ਛੱਡਕੇ ਪਹਾੜੀਆਂ ਦੀ ਬੇਈਮਾਨੀ ਪ੍ਰਤੱਖ ਦਿਖਾਉਣ ਲਈ ਨਗਾਰਾ ਵਜਵਾਕੇ ਅਨਦਪੁਰ ਨੂੰ ਛੱਡਣ ਦੀ ਤਿਆਰੀ ਕਰ ਦਿੱਤੀ। ਜਦਪਿ ਬਹੁਤ ਸਾਰੇ ਬਹਾਦੁਰਾਂ ਨ ਬੇਨਤੀ ਕੀਤੀ ਕਿ ਵੈਰੀਆਂ ਦੀ ਪਾਈ ਹੋਈ ਸੌਂਹ ਮੰਨਣੀ ਜੋਗ ਨਹੀਂ, ਪਰ ਨਿਰਭੈ ਧਰਮ-ਪਾਲਕ ਗੁਰੂ ਜੀ ਨੇ ਬਚਨ ਕੀਤਾ ਕਿ ਜੇ ਅਸੀਂ ਛਤ੍ਰੀ ਧਰਮ ਹਕੇ ਗਊ ਦੀ ਆਣ ਦਿੱਤੀ ਹੋਈ ਨ ਮੰਨੀਏ ਤਾਂ ਹਰ ਕੌਣ ਮੰਨੂ। ਸਾਨੂੰ ਏਹ ਸੰਕਾ ਨਹੀਂ ਜੋ ਪਹਾੜੀ ਅਨੰਦਪੁਰ ਨੂੰ ਮੱਲ ਲੈਣਗੇ ਤਾਂ ਫੇਰ ਅਸੀਂ ਕਿਉਂ ਛੁਡਾਵਾਂਗੇ। ਭਾਈ

ਸਿਖੋ ! ਅਸੀਂ ਏਹਨਾਂ ਕੱਚੇ ਪਕੇ ਤੁਰਕਾਂ ਨੂੰ ਸਰਬ ਭਾਂਤ ਝੂਠੇ ਕਰਕੇ ਮਾਰਨਾ ਹੈ । ਏਤਨਾ ਕਹਿਕੇ ਗੁਰੂ ਜੀ ਅਨੰਦਪੁਰ ਛੱਡਕੇ ਓਥੋਂ ਡੇਢ ਕੋਸ ਨਿਰਮੋਹ ਪਿੰਡ ਪਾਇ ਉਚੇ ਥਾਂ ਮਦਾਨ ਵਿਚ ਜਾ ਬੈਠੇ । ਤਵਾਰੀਖ ਖਾਲਸਾ ਪੰਨਾ ੧੭੫੭-੫੯

ਏਸ ਪਾਠ ਪੜ੍ਹਨ ਤੋਂ ਹਰੇਕ ਜਾਣੂ ਹੋ ਜਾਊਗਾ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਗਊ ਦੀ ਆਣ ਮੰਨਦੇ ਸੀ ਓਨਾਂ ਦੇ ਮੂਹੋਂ ਭਾਈ ਜੀ ਨੇ ਏਹ ਸ਼ਬਦ ਅਖਵਾਏ ਹਨ ।

"ਜੇ ਅਸੀਂ ਛਤ੍ਰੀ ਧਰਮ ਹੋਕੇ ਗਊ ਦੀ ਆਣ ਦਿਤੀ ਹੋਈ ਨ ਮੰਨੀਏ ਤਾਂ ਹੋਰ ਕੌਣ ਮੰਨੂੰ" ਏਹਤੋਂ ਵਧਕੇ ਹੋਰ ਕੋਈ ਛਤ੍ਰੀ ਕੀ ਆਖ ਸਕਦਾ ਹੈ ।

ਏਸ ਨਾਲੋਂ ਵੀ ਵਧੇਰੇ ਸਾਫ ੨ ਵਚਨ ਭਾਈ ਸੰਤੋਖ ਸਿੰਘ ਜੀ ਨੇ ਏਦੂੰ ਪਹਿਲਾਂ ਲਿਖੇ ਹਨ ।

ਮਸਤਪਦ ਛੰਦ ।

ਬਾਰ ਸਿੰਘ ਜਸਪਾਲੀ ਅਨਜ ਪੁਨ ਮੰਡਸ ਪਪਿ ਆਯੋ ।
ਸਿਵਰ ਕਰੇ ਕਹਲੂਹਿ ਸਲ ਦੂਨ ਮਹਿ ਨ੍ਰਿਪ ਸਨਮਾਨ ਕਰਾਯੋ । ੫

ਅਗਲੈ ਦਯੋਸ ਸਭਾ ਕਰਿ ਇਕਠੇ ਲੇ ਲੈ ਨਿਜ ਪਰਧਾਨ ।
ਖੜਗ ਸਿਪਰ ਤਰਕਸ ਧਨ ਧਰ ਕਰ ਚਮੂੰ ਸੁਭਟ ਸੰਗ ਥਾਨ । ੬ ।

ਫਰਸ ਬਿਸਾਲਹਿ ਗਿਲਮ ਗਿਲੀਚੇ ਹੇਮ ਛਰੀ ਧਰ ਆਗੇ ।
ਬੈਠਯੋ ਭੀਮਚੰਦ ਸਨਮਾਨਤ ਕਹੇ ਮਧੁਰਤਾ ਪਾਗੇ । ੭ ।

ਰਹਯੋ ਅਨੰਦਪੁਰ ਸਲਖ ਸੁਛਾਭੀ ਕਰ ਕਰ ਬਹੁ ਦੁਖ ਦਾਨੀ ।
ਨਹੀਂ ਜਾਮਨੀ ਲੋਚਨ ਨਿੰਦ੍ਰਾ ਰੁਚੇ ਨ ਭੋਜਨ ਪਾਨੀ । ੮ ।

ਮਰੇ ਸੰਬੰਧੀ ਕਾਜ ਮਰਯੋ ਨਹਿ ਧਨ ਬਹੁ ਖਰਚ ਹਗਾਮੇ ।
ਚਮੂੰ ਹਤੀ ਆਧੀਨ ਰਹੀ ਸਭ ਪਹੁੰਚੇ ਮਰ ਜਮ ਧਾਮੇ । ੯ ।
ਬੋਲਯੋ ਤਬ ਘਮੰਡ ਚੰਦ ਸਭ ਮੈ ਪੰਮਾ ਤੈਹਿ ਪ੍ਰਧਾਨ ।
ਚਲਨ ਲਗੇ ਜਬ ਆਨੰਦਪੁਰ ਤੇ ਤਿਨ ਤਬ ਕੀਨ ਬਖਾਨ । ੧੦ ।

ਜਤਨ ਆਨੰਦਪੁਰ ਕੋ ਛੁਟਵਾਵਨ ਮਂ ਜਾਨਤ ਰੋਂ ਆਛੇ ।
ਅਬ ਕਿਯੋ ਮੋਨ ਸਭਾ ਮਹਿ ਬੈਠਯੋ ਕਰਹਿ ਕਹਾ ਮਤਿ ਪਾਛੇ । ੧੧ ।

ਕਹਹਿ ਮੰਤ੍ਰ ਸਭ ਸੁਨਹੁ ਬਿਚਾਰਹੁ ਉਚਿਤ ਹੋਇ ਕਰ ਲੀਜੇ ।
ਜਿਯੋ ਕਿਯੋ ਕਰ ਸਤਗੁਰੂ ਨਿਕਾਰਹੁ ਸਭ ਕੀ ਆਸ ਪੁਰੀਜੇ । ੧੨ ।

ਬਿਨਾ ਲਰਨ ਤੇ ਨਿਕਸੇ ਜੈਸੇ ਸੋ ਉਪਾਇ ਹੈ ਨੀਕਾ ।
ਜੰਗ ਕਰ ਤੇ ਸਰੇ ਨ ਕਾਰਜ ਪਰੇ ਸੁਜਸ ਨਿਤ ਫੀਕਾ । ੧੩ ।
ਜਿਤੀ ਚਮੂੰਤੁਮ ਅਰਕ ਬਟਰੀ ਤਿਤੀ ਨ ਅਬ ਕਿਮ ਹੋਵੇ ।
ਕਾਤਰ ਭਏ ਨ ਮੁਖ ਉਤ ਕਰਤੇ ਮ੍ਰਿਤਕ ਹਜਾਰਹੁ ਸੋਵ । ੧੪ ।
ਸੁਨ ਪੰਮੇ ਸਭ ਬਿਖੇ ਬਖਾਨੀ ਗੁਰੂ ਧਰਮ ਦ੍ਰਿੜ ਧਾਰੀ ।
ਹਿੰਦਨ ਬਿਖੇ ਧੇਨ ਕੇ ਦਿਜਬਰ ਇਸਤੇ ਪਹੇ ਨ ਭਾਰੀ । ੧੫ ।
ਦੇਹ ਗੁਰੂ ਕੋ ਆਨ ਅਨੰਦਪੁਰ ਤਯਾਗਹੁ ਇਤ ਕੋ ਬਾਸਾ ।
ਅਪਰ ਥਾਨ ਮੇ ਥਿਰ ਹੂ ਰਹੀਐ ਮਿਟ ਬਾਦ ਕੋ ਤ੍ਰਾਸਾ । ੧੬ ।

ਕੇਤਕ ਸੁਨ ਕਰ ਕਹੈ ਨ ਨੀਕੀ ਮਹਾ ਦੀਨਤਾ ਧਾਰੀ ।
ਰਾਜੇ ਹੋਇ ਰੰਕਤਾ ਠਾਨਹੁ ਨਿਰਬਲ ਨਿਰਧਨ ਕਾਰੀ । ੧੭ ।

ਆਗੇ ਜਸ ਕੋ ਚੰਦ ਚੜਾਯਹੁ ਮਾਰ ਖਾਇ ਹਟ ਆਏ ।
ਅਬ ਪੰਮੇ ਕੀ ਮਤਿ ਕੋ ਲਕੇ ਲਹੁ ਪਰਮਪਦ ਪਾਏ । ੧੮ ।
ਕੇਤਕ ਕਹੈ ਭਲੀ ਏਹ ਠਾਨਹੁ ਮਿਟੇ ਮਰਨ ਕੀ ਤ੍ਰਾਸਾ ।
ਹਟਹਿ ਜੰਗ ਨਿਤ ਪਰਤ ਬਖੇਰਾ ਸੁਭਟਨ ਕੇਰ ਬਿਨਾਸਾ । ੧੯ ।

ਹੀਨ ਭਏ ਤੇ ਕਿਯਾ ਘਟ ਜੈਹੈ ਮਿਟੈ ਉਪਾਧ ਸਦਾ ਕੀ ।
ਧੰਮੇ ਸੁਭ ਮਤਿ ਕਰੀ ਉਚਾਰਨ ਰਹੇ ਨ ਕਾਰਜ ਬਾਕੀ। ੨੦ ।

ਭੀਮ ਚਦ ਤੇ ਆਦਿ ਗਿਛੇਸਰ ਕਹਯੋ ਆਜ ਨਿਸ ਮਾਹੀਂ ।
ਕਰਹੇਰਹੁ ਜੇ ਸਿਧ ਹੁਇ ਕਾਰਜ ਆਨੰਦਪੁਰ ਛੁਟ ਜਾਹੀਂ । ੨੧ ।

ਸਭ ਜਹਾਨ ਜਾਨੈ ਜਸ ਕੈਹੈ ਪੁਰ ਤੇ ਗੁਰੂ ਨਿਕਾਸਾ ।
ਧੇਨ ਆਨਕੋ ਕੋਕੋ ਜਾਨੇਹਿ ਲਖਹਿ ਕਿ ਪਾਯੋ ਤ੍ਰਾਸਾ । ੨੨ ।

ਇਮ ਮਸਲਤ ਕਰ ਉਠੇ ਸਕਲ ਹੀ ਧੰਮੇ ਉਦਮ ਲੀਨਾ ।
ਸੁੰਦਰ ਰਚੀ ਚੂਨ ਕੀ ਧੇਨੂ ਚਾਰ ਚਰਨ ਤਿਹ ਕੀਨਾ । ੨੩ ।

ਕਾਨ ਬਿਖਾਨ ਪੂਛਯੋ ਪ੍ਰਿਸਟੀ ਸਗਰੇ ਅੰਗ ਬਨਾਏ ।
ਤਿਮਰ ਸਮੇਤ ਰਾਤ ਜਬ ਹੋਈ ਸੀਸ ਉਠਾਇ ਸਿਧਾਏ ।੨੪ ।

ਆਨ ਆਨੰਦਪੁਰ ਦੂਰ ਹੁਤੋ ਜਿਹ ਗਏ ਲਿੱਪ ਸਥਾਨਾ ।
ਖਰੀ ਕਰੀ ਬਿਧ ਖਰੀ ਤਹਾ ਤਬ ਡੋਰੀ ਗਰ ਬੰਧਾਨਾ । ੨੫ ।

ਪੂਰਯੋ ਚੌਕ ਧਰੇ ਕੁਛ ਅਛਤ ਕੇਸਰ ਚਦਨ ਮਾਲਾ ।
ਅਰਚਨ ਚਰਚਨ ਕਰਕੇ ਸਭ ਬਿਧ ਧੰਮਾ ਕੂਰ ਕੁਚਾਲਾ । ੨੬ ।

ਲਿਖਯੋ ਪਤ੍ਰ ਪਰ ਆਣ ਗਊ ਕੀ ਤਯਾਰਾ ਆਨੰਦਪੁਰ ਜਾਵੇ ।
ਠਾਗਨ ਕੋ ਅਰਮਾਨ ਰਹੇ ਜਗ ਨਿਕਟ ਬਸਹੁ ਸੁਖ ਪਾਵੇ । ੨੭ ।
ਏਕ ਬਾਰ ਤਜ ਕਿਤਕ ਸੁਮੈ ਮੈਂ ਬਹਰ ਬ੍ਰਸਹੁਪੁਰ ਜਾਈ ।
ਇਮ ਲਿਖਕਰ ਕਾਗਦ ਢਿਗ ਰਖ ਕਰ ਬਨਤ ਸਕਰ ਡਰ ਪਾਈ ।
ਏ ਅਪਨ ਘਰ ਰਾਤ ਅੰਧੇਰੀ ਹੇਰਯੋ ਕਿਨਹੁ ਨ ਜਾਨਾ ।
ਸੁਪਤ ਰਹ ਨਰ ਘਰ ਘਰੁ ਅਪਨੇ ਭਈ ਪ੍ਰਾਤ ਤਮ ਹਾਨਾ । ੨੯ ।
ਗਏ ਦੂਰ ਜਬ ਕਤ ਬਿਲੋਕੇਨ ਇਹ ਕਿਆ ਕਿਸਨੇ ਕੀਨਾ ।
ਇਕ ਦੁਇ ਤ੍ਰੈ ਚੋਰੇ ਪਿਖ ਪੰਚਮ ਬਿਕੁਸੇ ਕਛੂ ਨ ਚੀਨਾ । ੩੦ ।

ਸ੍ਰੀ ਕਲਗੀਧਰ ਨਿਕਟ ਗਏ ਤਬ ਦੌਰਤ ਜਾਇ ਬਤਾਈ ।
ਪ੍ਰਭ ਜੀ ਪੁਰ ਪੌਰ ਅਗ੍ਰ ਹੀ ਕਿਨ ਏਹ ਬਨਤ ਬਨਾਈ । ੩੧ ।
ਕਾਗਦ ਧਰਯੋ ਨ ਹਮ ਕਰ ਛਵਯੋ ਚਹਹੁ ਜਿ ਲਿਹੁ ਮੰਗਵਾਈ ।
ਧੇਨੁ ਚੂਨਕੀ ਲਿੱਪ ਧਰੀ ਧਰ ਕਛੁ ਨ ਜਾਨਯੋ ਜਾਈ । ੩੨ ।
ਸੁਨ ਪ੍ਰਭ ਦਾਸ ਪਠਿਯੋ ਪੁਰ ਪੌਰਹਿ ਜਾਇ ਤਬੈ ਲਿਆਵਾ ।
ਕਾਗਦ ਤਬੈ ਪੜ੍ਹਾਵਨ ਕੀਨਾ ਜਬ ਲਿਖਯੋ ਸੁਨ ਪਾਵਾ । ੩੩ ।
ਆਨ ਗਊ ਕੀ ਸਹਿ ਨ ਸਕਹਿ ਪ੍ਰਭ ਤਤ ਛਿਨ ਕੀਨ ਤਯਾਰੀ ।
ਕੂਚ ਕਰਨ ਕੋ ਬਜਯੋ ਦਮਾਮਾ ਸਭ ਕੋ ਸਰੁਤ ਧੁਨ ਡਾਰੀ । ੩੪ ।
ਗਜ ਬਾਜਨ ਪਰ ਜੀਨ ਪਵਾਇ ਕਰਯੋ ਤਯਾਰ ਸਰਬੰਸਾ ।
ਉਦੇ ਸਿੰਘ ਅਰ ਆਦਿ ਦਯਾ ਸਿੰਘ ਮਿਲੇ ਬਿੰਦ ਸੋ ਹੰਸਾ । ੩੫ ।
ਚਰਨ ਸਰੋਜਨ ਪਰ ਕਰ ਬੰਦਨ ਹਾਥ ਬੰਦ ਕਰ ਭਾਖਾ ।
ਪ੍ਰਭ ਜੀ ਕਿਮ ਤਯਾਰੀ ਕਰਵਾਈ ਜਹਾਂ ਚਲਨ ਅਭਿਲਾਖਾ । ੩੬ ।
ਕਾਚੀਮਤਿ ਕੋ ਕੁਮਤਿ ਪਹਾਰੀ ਤਿਨਹੁ ਪ੍ਰਪੰਚ ਪਸਾਰਾ ।
ਅਪਜਸ ਜਗਮੈਂ ਲਜਿਤਾ ਖਿਝਿਐ ਤੁਮ ਕੋ ਚਹਤ ਨਿਕਾਰਾ । ੩੭ ।
ਪਾਪ ਪੁੰਨ ਸੁਖ ਦੁਖ ਇਹੁ ਦੁੰਦਜੁ ਹਰਖ ਸੋਗ ਨਹਿ ਦੋਊ ।
ਗੁਰੂ ਪੁਰਖ ਕੋ ਤਹਿ ਬਲ ਬਾਸਾ ਜਹਾਂ ਨ ਪਹੁੰਚੇ ਕੋਊ । ੩੮ ।
ਇਸ ਮਤਰੂ ਕੀ ਸਪਤ ਦੇਣ ਤੇ ਉਚਿਤ ਨ ਕਿਨਹੁ ਜਾਨਾ ।
ਦੋਖੀ ਤੁਮਰੈ ਪਾਪ ਮਤੀ ਨਿਤ ਪੈ ਹੈ ਫਲ ਹੁਇ ਹਾਨਾ । ੩੯ ।
ਸਪਤ ਦੇਸ ਤੁਮ ਲਗਹਿ ਨ ਕੋਊ ਨਹਿ ਤਜਇ ਪੁਰ ਧਾਮਾ ।
ਪੀਛੇ ਪ੍ਰਬਲ ਹੋਇ ਰਿਖ ਪਰ ਹੈ ਲਾਖਹੁ ਸੰਘਰ ਕਾਮਾ । ੪੦ ।
ਸੁਨ ਕਲਗੀਧਰ ਸਭਸਨ ਭਾਖਯੋ ਕਹੋ ਜਥਾਰਥ ਬਾਤੀ ।
ਤਊ ਬਿਚਾਰਹੁ ਲਾਖਹੁ ਸਤਰੂ ਗਰਿ ਪਰੇ ਸਭ ਭਾਤੀ । ੪੧ ।

ਤਜੇ ਸ਼ਸਤ੍ਰ ਖਗ ਤੋਪ ਤੁਪਕ ਸ਼ਰ ਭਏ ਦੀਨ ਘਿਘਆਏ ।
ਅਪਰ ਉਪਾਇ ਬਨਯੋ ਨਹਿ ਕੋਊ ਬਲ ਕੇ ਤਜ ਸਮਦਾਏ । ੪੨ ।

ਹੋਇ ਰੰਕ ਸਮਦਈ ਸਪਤ ਗੋ ਹੈਫ ਜੋ ਰਾਜ ਸਮਾਜਾ ।
ਮਮ ਜੈਸੇ ਛਤ੍ਰੀ ਨ ਮਾਨਹਿ ਤੌਭੀ ਨੀਕ ਨ ਕਾਜਾ । ੪੩ ।

ਬਲ ਤੇ ਚਹਯੋ ਅਨੰਦਪੁਰ ਲੈਬੇ ਚਲਯੋ ਨ ਬਸ ਕਸ ਭਾਤੀ ।
ਅਬ ਨਿਰਬਲਤਾਧਰਿ ਅਭਿਲਾਖੇ ਸਭ ਲੈਜਪ ਬਲ ਸਾਤੀ । ੪੪ ।

ਜੇ ਹਮ ਧੇਨ ਸਪਤ ਨਹਿ ਮਾਨਹਿ ਆਨ ਕੌਨ ਤਬ ਮਾਨੇ ।

---

ਦਯਾ ਸਿੰਘ ਚਿਤ ਸਮਝ ਬਿਚਾਰਹੁ ਰਿਪ ਜੀਵਤ ਹਤ ਜਾਨ । ੪੫ ।
ਰਾਜਨ ਕੋ ਜੀਵਨ ਅਬ ਧ੍ਰਿਗ ਹੈ ਸਸਤ੍ਰ ਗਹਿਨ ਧ੍ਰਿਗ ਹੋਈ ।
ਹਮਰ ਤੇ ਅਨਦਪੁਰ ਘਰ ਹੈ ਇਸ ਮਹਿ ਅਪਰ ਨ ਕੋਈ । ੪੬ ।
ਚਿੰਤਾ ਕਰਹੁ ਨ ਧਰਮ ਧਰਹੁ ਨਿਜ ਸਭ ਕ੍ਰਿਛੁ ਤੁਮਰੇ ਹਾਥਾ ।
ਜਗਮਹਿ ਅਪਜਸ ਰਾਜਨ ਕੇਰਾ ਮਰੈ ਨਰਕ ਦੁਖ ਸਾਥਾ । ੪੭ ।
ਕਹਿ ਇਤਯਾਦਿਕ ਬਹੁ ਸਮਝਾਏ ਬਹੁਰ ਨ ਸਿੰਘਨਭਾਖ੍ਯਾ ।
ਕਾਰਣ ਕਰਣ ਸਰਬ ਮਹਿ ਸਮਰਥ ਕਰਹੁ ਜਥਾ ਅਭਿਲਾਖਾ । ੪੮ ।

ਸਰਲ ਸਮਾਜ ਸਾਥ ਲੈ ਸਤਿਗੁਰ ਸੈਨਾ ਸਿੰਘਨ ਕੇਰੀ ।
ਭਏ ਤਯਾਰ ਅਨੰਦਪੁਰ ਛੋਡਨ ਹਯ ਰੂਢ ਤਿਸ ਬੇਰੀ । ੪੯ ।
ਨਿਕਲ ਪਰਯੋ ਜਬ ਬਜਯੋ ਦਮਾਮਾ ਆਗੇ ਭਏ ਗੁਸਾਈ ।
ਅਪਰਕਿਸੂ ਕੇ ਨਹਿ ਮਨ ਭਾਵਹਿ ਘਰੁ ਤਯਾਗਨ ਸਮਦਾਈ । ੫੦ ।
ਇਤਨ ਲਰੇ ਮਰੇ ਸ਼ਸਤ੍ਰਨ ਬਲ ਕਰ ਪੁਰ ਕੋ ਰਾਖਾ ।
ਅਬ ਸੁਖੈਨ ਹੀ ਤਜ ਕਰ ਗਮਨੇ ਕਹਾ ਗੁਰੂ ਅਭਿਲਾਖਾ । ੫੧ ।

ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਰੁਤ ਚਾਰ ਅੰਸ । ੩੭ ।

ਸੂਰਜ ਪ੍ਰਕਾਸ਼ ਦਾ ਪਾਠ ਗਊ ਦੀ ਆਣ ਮਨਣ ਵਿਚ

ਤਵਾਰੀਖ ਨਾਲੋਂ ਭੀ ਸਾਫ਼ ਹੈ। ਭਾਈ ਗਿਆਨ ਸਿੰਘ ਜੀ ਗਿਆਨੀ ਨੇ ਤਾਂ ਏਹ ਕਹਿਕੇ ਕਿ ਮਸੰਦਾਂ ਤੇ ਕਾਇਰ ਸਿਖਾਂ ਨੇ ਜੋ ਲੜਾਈ ਤਂ ਡਰਦੇ ਥਰ ਥਰ ਕੰਬਦੇ ਸੇ) ਮਾਤਾ ਜੀ ਨੂੰ ਜਾ ਸਿਖਾਇਆ... .. ...... –

ਮਾਤਾ ਜੀ ਦਾ ਹਠ ਵੇਖਕਰ, ਗੁਰੂ ਜੀ ਦੇ ਗਊ ਧਰਮ ਨੂੰ ਕੁਝ ਘਟਾਇਆਂ ਹੈ ਪਰ ਭਾਈ ਸੰਤੋਖ ਸਿੰਘ ਜੀ ਨੇ ਏਹੋ ਜੇਹੀ ਕੋਈ ਗੱਲ ਨਹੀਂ ਲਿਖੀ ਓਹਨਾਂ ਨੇ ਸਿਖਾਂ ਦੇ ਰੋਕਣ ਤੇ ਭੀ ਏਹੋ ਉਤਰ ਦਿਤਾ ਲਿਖਿਆ ਹੈ ਕਿ ਮੈਂ ਛਤ੍ਰੀ ਹਾਂ ਛਤ੍ਰੀ ਦਾ ਧਰਮ ਗਊ ਦੀ ਆਣ ਮੰਨਣਾ ਹੈ, "ਜੇ ਹਮ ਧੇਨ ਸਪਤ ਨਹਿ ਮਾਨਹਿ ਆਨ ਕੌਣ ਤਬ ਮਾਨੇ" "ਮਮ ਜੈਸੇ ਛਤ੍ਰੀ ਨਹਿ ਮਾਨਹਿ ਤੋ ਭੀ ਨੀਕ ਨ ਹੋਈ" ਪਾਠ ਲਿਖਕੇ ਗੁਰੂ ਜੀ ਦੀ ਗਊ ਭਗਤੀ ਨੂੰ ਦਿਖਾਇਆ ਹੈ। ਏਸ ਕਰਕੇ ਏਹ ਮੰਨਣ ਵਿਚ ਕੋਈ ਸੰਦੇਹ ਨਹੀਂ ਰਹਿੰਦਾ ਕਿ ਗੁਰੂ ਜੀ ਗਊ ਦੀ ਆਣ ਓਵੇਂ ਹੀ ਮੰਨਦੇ ਸੀ ਜਿੱਦਾਂ ਆਰੀਯੇ ਗਊ ਦੀ ਆਣ ਮੰਨਦੇ ਹਨ। ਗੁਰੂ ਜੀ ਦੇ ਵੇਲੇ ਸਿਖ ਵੀ ਓਦਾਂ ਹੀ ਮੰਨਦੇ ਸੀ ਜਿਦਾਂ ਅੱਜਕਲ ਨਾਮਧਾਰੀ ਤੇ ਹੋਰ ਸਿਖ ਅਰ ਆਰੀਯੇ ਮੰਨਦੇ ਹਨ।

ਸਿਖਾਂ ਦੀ ਗਊ ਭਗਤੀ ਦਾ ਇਕ ਦ੍ਰਿਸ਼ਟਾਂਤ ਤਵਾਰੀਖ ਵਿਚ ਏਹ ਵੀ ਲਿਖਿਆ ਹੈ, ਏਹ ਓਸ ਵੇਲੇ ਦਾ ਹੈ ਜਦ ਗੁਰੂ ਜੀ ਬਹਾਦੁਰਸ਼ਾਹ ਬਾਦਸ਼ਾਹ ਨਾਲ ਦੱਖਣ ਦੇਸ਼ ਵਲ ਗਏ ਸਨ ਤਵਾਰੀਖ ਦਾ ਪਾਠ ਇਉਂਹੈ:-

"ਓਥੋਂ ਤੁਰਕੇ ਬਾਦਸ਼ਾਹ ਜਦ ਬੁਰਹਾਨਪੁਰ ਵੱਨੀ ਚਲਿਆ ਰਸਤੇ

ਵਿਚ ਸਿੰਘਾਂ ਤੇ ਮੁਸਲਮਾਨਾਂ ਦੀ ਟੋਕਾਂ ਟੋਕੀ ਤਾਂ ਭਾਵੇਂ ਹਮੇਸ਼ ਰਹਿੰਦੀ ਸੀ, ਓੜਕ ਇਕ ਦਿਨ ਸੂਰ ਦੇ ਸ਼ਿਕਾਰ ਉਤੇ ਲੜਾਈ ਹੋ ਪਈ ਜਿਸ ਵਿਚ ਚਾਰ ਸਿੰਘ ਤੇ ਬਾਰਾਂ ਚੋਦਾਂ ਮੁਸਲਮਾਨ ਮਾਰੇ ਗਏ।

ਏਸੇ ਭਾਂਤ ਇਕ ਦਿਨ ਫੇਰ ਸਿੰਘਾਂ ਦੇ ਡੇਰੇ ਪਾਸ ਤੁਰਕਾਂ ਨੇ ਗਊਆਂ ਮਾਰਿਆਂ ਤਾਂ ਸਿੰਘ ਰਹਿ ਨ ਸਕੇ, ਤਲਵਾਰਾਂ ਸੂਤ ਕੇ ਜਾਪਏ। ਓਸ ਦਿਨ ਬਹੁਤ ਕਟਾ ਵੱਢ ਹੋਣੀ ਸੀ, ਪਰ ਬਾਦਸ਼ਾਹ ਨੇ ਵਜੀਰ ਨੂੰ ਭੇਜਕੇ ਲੜਾਈ ਬੰਦ ਕਰਾਈ ਤੇ ਗੋਬੱਧ ਕਰਨ ਵਾਲੇ ਮੁਸਲਮਾਨਾਂ ਨੂੰ ਸਜਾ ਦੇਕੇ ਏਸ ਗੁਨਾਹ ਦੀ ਗੁਰੂ ਜੀ ਤੋਂ ਮਾਫੀ ਮੰਗੀ,ਨਜਰ ਨਿਆਜ ਦਿਤੀ, ਤਾਂ ਬੀ ਗੁਰੂ ਸਾਹਿਬ ਨੇ ਉਸ ਦਿਨ ਤੋਂ ਅਪਣਾ ਡੇਰਾ ਸ਼ਾਹੀ ਲਸ਼ਕਰ ਤੋਂ ਵਖਰਾ ਕਰਲੀਤਾ।"

ਤਵਾਰੀਖ ਖਾਲਸਾ ਪੰਨਾ ੨੧੩੧-੩੨

ਏਸ ਲਖ ਵਿਚ ਸਿਖਾਂ ਨੇ ਗਊ ਮਾਰਨ ਕਰਕੇ ਮੁਸਲਮਾਨਾਂ ਨੂੰ ਮਾਰਿਆ ਹੈ ਅਤੇ ਬਾਦਸ਼ਾਹ ਦੇ ਮੁਸਲਮਾਨਾਂ ਨੂੰ ਸਜਾ ਦੇਣ ਤੇ ਮਾਫ਼ੀ ਮੰਗਣ ਨਾਲ ਵੀ ਗੁਰੂ ਜੀ ਨੇ ਆਪਣਾ ਡੇਰਾ ਨਿਆਰਾ ਕੀਤਾ ਹੈ, ਜੀਹਤੋਂ ਸਿਖਾਂ ਤੇ ਗੁਰੂਆਂ ਦੇ ਦਿਲ ਵਿਚ ਗਊ ਦੀ ਸ਼ਰਧਾ ਦਾ ਪਤਾ ਲਗਦਾ ਹੈ।

ਗਊ ਦੀ ਬਾਬਤ ਏਨਾਂ ਸਾਰਿਆਂ ਲੇਖਾਂ ਨੂੰ ਪੜ੍ਹਕੇ ਹਰ ਕੋਈ ਏਹ ਗੱਲ ਚੰਗੀ ਤਰਾਂ ਸਮਝ ਜਾਊਗਾ। ਸਿਖ ਵੀ ਗਊ ਨੂੰ ਓਹੋ ਜਹਾ ਹੀ ਮੰਨਦੇ ਹਨ ਜੇਹੋ ਜੇਹਾ ਆਰੀਯੇ ਮੰਨਦੇ ਹਨ। ਜਿੱਦਾਂ ਵੇਦਾਂ ਵਿਚ ਗਊ ਮਾਰਨਾ ਵਰਜਿਆ ਹੈ ਏਦਾਂ ਹੀ ਗੁਰੂਆਂ ਨੇ ਵੀ ਗਊ ਮਾਰਨ ਨੂੰ ਨਿਸ਼ੇਧਿਆ ਹੈ। ਤਵਾਰੀਖ ਦੇ ਅਨੁਸਾਰ ਤਾਂ ਬਾਬੇ ਗੁਰਦਿਤੇ ਜੀ ਨੇ ਆਪਣੇ ਪ੍ਰਾਨ ਦੇਣੇ ਮੰਣ ਲਏ ਪਰ ਗਊ ਮਰਨ ਨੂੰ ਨ ਮੰਨਿਆ। ਸੂਰਜ ਪ੍ਰਕਾਸ਼ ਦੇ ਬਮੂਜਬ ਸਿਖਾਂ ਨੇ ਗਊ ਮਰਨ ਨਾਲ ਬੜਾ ਦੁਖ ਮਨਿਆ, ਓਹ ਭੀ ਓਦੋਂ ਜਦ ਗਊ ਅਣਭੋਲ ਨਾਲ ਮਰੀਸੀ,ਜਾਣਕੇ ਮਾਰਨ ਵਾਲਿਆਂਦੀ ਗੱਲਹੀ ਅਲਗ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਸਿਖਾਂਨੇ ਗਊ ਮਾਰਨ ਵਾਲਿਆਂ ਨਾਲ

ਲੜਾਈ ਕੀਤੀ। ਹੁਣ ਤਕ ਵੀ ਸਿਖਾਂ ਵਿਚ ਏਹੋ ਜੇਹੇ ਉਦਾਹਰਣ ਮਿਲਦੇ ਰਹਿੰਦੇ ਹਨ।

ਰਿਸ਼ੀ ਦਯਾਨੰਦ ਜੀ ਨੇ ਗੋਕਰੁਣਾਨਿਧੀ ਪੋਥੀ ਗਊ ਦੀ ਰਖਯਾ ਤੇ ਲਿਖੀ ਜੀਹਦੇ ਵਿਚ ਗਊ ਮਾਰਨ ਤੇ ਹਾਨਿ ਅਰ ਗਾਂ ਰਖਣ ਦੇ ਅਨੇਕ ਲਾਭ ਦਿਖਾਏ ਹਨ। ਭਾਵੇਂ ਗੁਰੂ ਜੀ ਨੇ ਓਦਾਂ ਵਿਸਤਾਰ ਨਾਲ ਤਾਂ ਨਹੀਂ ਲਿਖਿਆ ਪਰ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਤੇ ਗੁਰੂ ਨਾਨਕ ਦੇਵ ਜੀ, ਗੁਰੂ ਹਰਗੋਬਿੰਦ ਜੀ ਦੇ ਸਪੁਤ੍ਰ ਬਾਬੇ ਗੁਰਦਿਤੇ ਦੀਆਂ ਕਹਾਣੀਆਂ ਦਸਦੀਆਂ ਹਨ, ਓਹ ਗਊਘਾਤ ਨੂੰ ਘੋਰ ਪਾਪ ਜਾਣਦੇ ਸੀ। ਗੁਰੂ ਗੋਬਿੰਦ ਸਿਘ ਜੀ ਤਾਂ ਖ਼ੁਲਾ ਹੀ ਆਖਦੇ ਹਨ ਜੇ ਮੈਂ ਛਤ੍ਰੀ ਹੋਕੇ ਗਊ ਦੀ ਆਣ ਨ ਮੰਨੂੰਗਾ ਤਾਂ ਹੋਰ ਕੌਣ ਮੰਨੂੰਗਾ। ਏਨਾਂ ਸਾਰਿਆਂ ਬਾਤਾਂ ਨੂੰ ਦੇਖਦੇ ਹੋਏ ਏਹੋ ਨਿਹਚਯ ਹੁੰਦਾ ਹੈ ਗੁਰੂ ਜੀ ਤੇ ਰਿਸ਼ੀ ਮੁਨੀ ਗਊ ਰਖਯਾ ਕਰਨ ਨੂੰ ਧਰਮ ਕਹਿੰਦੇ ਹਨ ਤੇ ਆਰਯ ਵੀ ਗਊ ਭਗਤ ਹੀ ਹਨ।

੧੯—੧੨—੪੩ ਸ੍ਵਤੰਤ੍ਰਾਨੰਦ

---

## ਅਪੀਲ

ਜੇਕਰ ਤੁਸੀ ਚਾਉਂਦੇ ਹੋ ਕਿ ਤੁਹਾਡੇ ਬਚੇ ਸਭਿਆਚਰਕ ਭਾਸ਼ਾ ਬੋਲਨ ਅਤੇ ਅਛੇ ਬਨਨ ਤਾਂ ਉਨਾਂ ਨੂੰ ਚੰਗਿਆ ਪੁਸਤਕਾਂ ਪੜ੍ਹਨ ਦੀ ਪ੍ਰੇਰਨਾ ਕਰੋ। ਇਹ ਪੁਸਤਕਾਂ ਤੁਹਾਡੇ ਤਕ ਪਹੁੰਚਾਉਨ ਦਾ ਜਿਮਾ ਸਾਡੇ ਉਤੇ ਛਡ ਦਿਉ।

ਸਵਾਮੀ ਸਵਤੰਤਰਾ ਨੰਦ ਜੀ ਦੀ ਯਾਦ ਵਿਚ ਵੇਦ ਮੰਦਰ ਦੇ ਨਿਰਮਾਨ ਨੂੰ ਪੂਰਾ ਕਰਨ ਲਈ ਵੱਧ ਤੋਂ ਵੱਧ ਸਹਾਇਤਾ ਦੀ ਪ੍ਰਾਰਥਨਾ ਹੈ। ਕਿਸੇ ਵੀ ਖੁਸ਼ੀ ਦੇ ਮੌਕੇ ਤੇ ਦਾਨ ਦਿੰਦੇ ਵਕਤ ਵੇਦ ਮੰਦਰ ਦਾ ਨਾਂ ਨ ਭੁਲੋ।

ਸਾਡੇ ਆਜੀਵਨ ਸਰਵਾਧਿਕਾਰੀ

# ਪੂਜਯਪਾਦ ਸਵਾਮੀ ਸਰਵਾਨੰਦ ਜੀ ਮਹਾਰਾਜ

ਦੀਨਾਨਗਰ

## । ਆਜੀਵਨ ਸਦਸਯ ।

ਜਿਹਨਾਂ ਨੇ ਇਕ ਮੁਠ 151/- ਰੁਪਏ ਦਾ ਦਾਨ ਦਿਤਾ ਹੈ:—

ਅਬੋਹਰ:—1 ਪ੍ਰਾ० ਰਾਜੇਂਦਰ ਜਿਗਾਸੂ 2 ਸ੍ਰੀ ਦੀਨਾਨਾਥ ਸਿਡਾਨਾ 2 ਕੁਮਾਰੀ ਯਜੁਰਵੇਦ ਆਰਿਆ ਧਰਮਪਤਨੀ ਪ੍ਰਾ० ਰਾਜੇਂਦਰ ਜਿਗਾਸੂ 4 ਸ੍ਰੀਮਤੀ ਸਰਸਵਤੀ ਸੇਤਿਆ 5 ਮੈ० ਰਾਜਕੁਮਾਰ ਕਸ਼ਮੀਰੀ ਲਾਲ 6 ਮਹਾਤਮਾ ਗਾਂਧੀ ਵਿਦਆਲਯ (ਡੀ.ਏ.ਵੀ.) 7 ਸ੍ਰੀ ਫਕੀਰ ਚੰਦ 8 ਸ੍ਰੀ ਮੁਕੰਦਲਾਲ ਜੁਨੇਜਾ 9 ਸ੍ਰੀ ਕ੍ਰਿਸ਼ਨ ਕੁਮਾਰ ਬੋਗਰਾ 10 ਸ੍ਰੀ ਰਾਜੇਂਦਰ ਚਾਵਲਾ 11 ਸ੍ਰੀ ਵਿਜਯ ਮਕੜ 12 ਸ੍ਰੀ ਅਸ਼ੋਕ ਆਰੀਆ 13 ਸਮਰਤਿ ਸੰ० ਬਖਤਾਵਰ ਲਾਲ 14 ਪ੍ਰਾ० ਕੇ. ਕੇ. ਸ਼ਰਮਾ 15 ਸ੍ਰੀ ਸੁਖਰਾਮ ਆਰੀਆ 16 ਸ੍ਰੀ ਵਿਨੋਦ ਆਹੂਜਾ 17 ਪ੍ਰਾ० ਰੋਹਤਾਸਸਿੰਘ ਫੋਰ 18 ਸ੍ਰੀ ਕਲਵੰਤਰਾਇ ਝਾਂਬ 19 ਪ੍ਰਾ० ਹਰਦਯਕੁਮਾਰ ਕੋਲ ਬਰਨਾਲਾ 20 ਸੇਠ ਮੁਰਾਰੀਲਾਲ ਆਹੂਜਾ 21 ਸ੍ਰੀ ਕੇਵਲ ਸਿਡਾਨਾ 22 ਸੇਠ ਭਗਵਾਨਦਾਸ ਜੈਨ 23 ਸ੍ਰੀ ਕਿਸ਼ਨਾਰਾਮ ਆਰੀਆ ਖੀਪਾਂਵਾਂਲੀ 24 ਚੌ० ਕਿਸ਼ਨਾਰਾਮ ਰਾਮਸਰਾ 25 ਸ੍ਰੀ ਗਿਰੀਸ਼ ਗੁਪਤਾ ਭਟਿੰਡਾ 26 ਬਾਬੂ ਬਿਰਜਲਾਲ ਗੁਪਤ ਟੋਹਾਨਾ 27 ਸ੍ਰੀ ਬਲਦੇਵ ਕ੍ਰਿਸ਼ਣ ਰਾਮਾਮੰਡੀ 28 ਸ੍ਰੀ ਸੁੰਦਰਲਾਲ ਭਾਟਿਆ ਜੈਪੁਰ 29 ਸ੍ਰੀ ਰਾਕੇਸ਼ ਆਰੀਆ ਗਿਦੜਬਾਹਾ 30 ਆਰੀਆ ਸਮਾਜ ਗਿਦੜਬਾਹਾ 31 ਮ० ਵੇਦਪ੍ਰਕਾਸ਼ ਆਰੀਆ ਮਲੋਟ 32 ਸ੍ਰੀ ਓਮਪ੍ਰਕਾਸ਼ ਗ੍ਰੋਵਰ ਮਲੋਟ 33 ਡਾ० ਓਮਪ੍ਰਕਾਸ਼ ਮਲੋਟ 34 ਸ੍ਰੀ ਕਰਮਚੰਦ ਸੇਤਿਆ ਫਾਜਿਲਕਾ 35 ਡਾ० ਓਮ ਪ੍ਰਕਾਸ਼ ਕਰਨਾਲ 36 ਮ० ਹੰਸਰਾਜ ਟ੍ਰਸਟ ਬਰੇਟਾ 37 ਭੋਪਾਲ ਵਾਲਾ ਆਰੀਆ ਹਾ० ਸਕੈ० ਸਕੂਲ ਸ੍ਰੀ ਗੰਗਾਨਗਰ 33 ਡਾ० ਰਾਜੇਂਦਰ ਆਰੀਆ 39 ਸ੍ਰੀ ਮੇਲਾਰਾਮ ਮਲਿਕ ਚੰਡੀਗੜ੍ਹ 40 ਸ੍ਰੀਮਾਨ ਬੇਢਾਰਾਮ ਆਰੀਆ ਪੂਨਾ

# ਆਰਿਯਾ ਸਮਾਜ ਦੇ ਦਸ ਨਿਯਮ

1. ਸਾਰੀ ਸਤਿਯ ਵਿਦਿਆ ਅਤੇ ਜਿਹੜੇ ਪਦਾਰਥ ਸਤਿਯ ਵਿੱਦਿਆ ਤੋਂ ਜਾਣੇ ਜਾਂਦੇ ਹਨ,ਉਨ੍ਹਾਂ ਸਭਨਾਂ ਦਾ ਆਦੀ ਮੂਲ ਪਰਮੇਸ਼ਵਰ ਹੈ।

2. ਈਸ਼ਵਰ ਸਰਵਾਨੰਦ ਸਰੂਪ, ਨਿਰਾਕਾਰ, ਸਰਵਸ਼ਕਤੀਮਾਨ, ਨਿਆਂਕਾਰੀ,ਦਿਆਲੂ, ਅਜਨਮਾ,ਅਨੰਤ, ਨਿਰਵਿਕਾਰ, ਅਨਾਦੀ,ਅਨੂਪਮ, ਸਰਵਾਧਾਰ, ਸਰਵਸ਼ਵਰ, ਸਰਵਵਿਆਪਕ, ਸਰਵ ਅੰਤਰਜਾਮੀ, ਅਜਰ, ਅਮਰ,ਅਭੈ,ਨਿਤ, ਪਵਿੱਤ੍ਰ ਅਤੇ ਸ੍ਰਿਸ਼ਟੀ ਕਰਤਾ ਹੈ,ਉਸਦੀ ਹੀ ਉਪਾਸਨਾ ਕਰਨੀ ਯੋਗ ਹੈ।

3. ਵੇਦ ਸਾਰੀਆਂ ਸਤਿਯ ਵਿਦਿਆਵਾਂ ਦਾ ਪੁਸਤਕ ਹੈ। ਵੇਦ ਦਾ ਪੜ੍ਹਨਾ-ਪੜ੍ਹਾਉਣਾ, ਸੁਣਨਾ-ਸੁਣਾਉਣਾ ਸਾਰੇ ਆਰੀਆਂ ਦਾ ਪਰਮ ਧਰਮ ਹੈ।

4. ਸਤਿਯ ਦੇ ਗ੍ਰਹਿਣ ਕਰਨ ਅਤੇ ਅਸਤਯ ਦੇ ਤਿਆਗਣ ਲਈ ਸਦਾ ਤੱਤਪਰ ਰਹਿਣਾ ਚਾਹੀਦਾ ਹੈ।

5. ਸਭ ਕੰਮ ਧਰਮ ਅਨੁਸਾਰ ਅਰਥਾਤ ਸਤਿਯ ਅਤੇ ਅਸਤਯ ਦਾ ਵਿਚਾਰ ਕਰਕੇ ਕਰਨ ਚਾਹੀਦੇ ਹਨ।

6. ਸੰਸਾਰ ਦਾ ਉਪਕਾਰ ਕਰਨਾ ਇਸ ਸਮਾਜ ਦਾ ਮੁੱਖ ਉਦੇਸ਼ ਹੈ, ਅਰਥਾਤ ਸ਼ਰੀਰਕ, ਮਾਨਸਿਕ ਅਤੇ ਸਮਾਜਿਕ ਉੱਨਤੀ ਕਰਨਾ।

7. ਸਭ ਨਾਲ ਪ੍ਰੀਤੀ ਪੂਰਵਕ, ਧਰਮਾਨੁਸਾਰ, ਯਥਾ ਯੋਗ ਵਰਤਣਾ ਚਾਹੀਦਾ ਹੈ।

8. ਅਵਿੱਦਿਆ ਦਾ ਨਾਸ਼ ਅਤੇ ਵਿਦਿਆ ਦੀ ਵਰਿਧੀ (ਵਾਧਾ) ਕਰਨੀ ਚਾਹੀਦੀ ਹੈ।

9. ਪ੍ਰਤੇਕ ਨੂੰ ਆਪਣੀ ਹੀ ਉੱਨਤੀ'ਚ ਸੰਤੁਸ਼ਟ ਨਹੀਂ ਰਹਿਣਾ, ਚਾਹੀਦਾ, ਸਗੋਂ ਸਭ ਦੀ ਉਨਤੀ'ਚ ਹੀ ਆਪਣੀ ਉੱਨਤੀ ਸਮਝਣੀ ਚਾਹੀਦੀ ਹੈ।

10. ਸਭ ਮਨੁੱਖਾਂ ਨੂੰ ਸਮਾਜਿਕ, ਸਰਵਹਿਤਕਾਰੀ ਨਿਯਮ ਪਾਲਣ ਕਰਣ ਵਿਚ ਪਰਤੰਤਰ (ਪਰਵਸ) ਰਹਿਣਾ ਚਾਹੀਦਾ ਹੈ ਅਤੇ ਪ੍ਰਤੇਕ ਕਾਰੀ ਨਿਯਮ ਵਿਚ ਸਭ ਸੁਤੰਤਰ ਰਹਿਣ।

ਓਅਮ

# ਸਾਡੇ ਲੋਕਪ੍ਰਿਯ ਪ੍ਰਕਾਸ਼ਨ

**Swami Satya Prakash Sarswati (D.Sc;F.N.I.)**

**1. Enchanted Island 1-50** **2. Light Within 5-00**

प्राध्यापक राजेन्द्र 'जिज्ञासु' कृत

| | | |
|---|---|---|
| 1. | हृदयतन्त्री (प्रथम खण्ड) भजन संग्रह (समाप्त) | 0.60 |
| 2. | हृदयतन्त्री (द्वितीय खण्ड) | 1 00 |
| 3. | महर्षि का विषपान अमर बलिदान | 1.00 |
| 4. | प्रेरणा कुटी (दृष्टांत संग्रह) | 2.50 |
| 5. | अतीत के झरोखे से (द्रष्टांत संग्रह) | 3.00 |
| 6. | प्रेरणा कलश (प्रथम खण्ड) दृष्टांत सागर | 5.00 |
| 7. | श्री सत्य साई बाबा ? (प्रैस में) | 0.75 |
| 8 | जगराता ? (प्रैस में) | 0.7[illegible] |
| 9. | एक मनस्वी जीवन(पं० मनसाराम वैदिक तोपका जीवन) | 2.0[illegible] |
| 10. | छत्रपति शिवाजी महाराज का राज्यभिषेक | 0.50 |
| 11. | मौलिक भेद | 2,50 |
| 12. | Redical Variation | 2.50 |
| 13. | विवाहोपहार | 0.75 |
| 14. | रक्तसाक्षी, पं० लेखराज | 6.00 |

अन्य प्रकाशन

| | | |
|---|---|---|
| 1. | महर्षि दयानन्द और स्वामी विवेकानन्द एक तुलनात्मक अध्ययन — डा० भवानी लाल भारतीय कृत | 5.00 |
| 2. | प० शान्ति प्रकाश के शास्त्रार्थ-सम्पादक अशोक आर्य | 0.75 |
| 3. | मधुमती (कविता संग्रह) रचियता ओंकार मिश्र 'प्रणव' | 2.0[illegible] |
| 4. | ਸਤਿਆਰਥਸਾਰ (ਪੰਜਾਬੀ) ਲੇਖਕ:.ਤਰਸੇਮਕੁਮਾਰ ਆਰੀਆ | 3.0[illegible] |
| 5. | ਸਿਖ ਅਤੇ ਗਊ (ਪਜਾਬੀ) ਲਖਕ : ਸਵਾਮੀ ਸਵਤੰਤਰਾ ਨੰਦ ਸਰਸਵਤੀ | 1.2[illegible] |

प्राप्ति स्थान :-

अशोक आर्य 'एम. ए.'
दण्डी, वेद-मन्दिर-प्रकाशन
स्वामी स्वतन्त्रानन्द नगर, अबोहर-15211[illegible]

गुरु विरजानन्द दण्डी
सन्दर्भ पुस्त...
पु परिग्रहण क्रमांक 5106
दयानन्द महिला मह... ...त्र